

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 7 ISSUE - 45
Febuary 20, 2019

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


## ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 642ਵਾਂ ਗੁਰਪੁਰਬ ਮਨਾਇਆ



**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਮਿਤੀ 18 ਫਰਵਰੀ ਦਿਨ ਸੋਮਵਾਰ ਨੂੰ ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 642ਵਾਂ ਗੁਰਪੁਰਬ ਧੰਨ ਧੰਨ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਪਾਵਨ ਪਵਿੱਤਰ ਛਤਰ ਛਾਇਆ ਹੇਠ ਮਨਾਇਆ ਗਿਆ, ਜਿਸ ਵਿਚ 18 ਫਰਵਰੀ ਦਿਨ ਸੋਮਵਾਰ ਨੂੰ ਸ਼ਾਮੀ ਸ੍ਰੀ ਰਹਿਰਾਸ ਸਾਹਿਬ ਜੀ ਦੇ ਪਾਠ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਭਾਈ ਪ੍ਰਿਤਪਾਲ ਸਿੰਘ ਜੀ ਦਾ ਹਜ਼ੂਰੀ ਜਥਾ, ਭਾਈ ਦਰਸ਼ਨ ਸਿੰਘ ਜੀ ਯੂਬਾ ਸਿਟੀ ਵਾਲੇ, ਭਾਈ ਲਖਵਿੰਦਰ ਸਿੰਘ ਸੋਹਲ ਜੀ ਦਾ ਢਾਡੀ ਜਥਾ, ਸ੍ਰੀ ਅਸ਼ੋਕ ਕੁਮਾਰ ਜੀ, ਸ੍ਰੀ ਰਾਜ ਕੁਮਾਰ ਜੀ ਅਤੇ ਪੰਜਾਬ ਦੀ ਮਸ਼ਹੂਰ ਆਵਾਜ਼ ਬੀਬੀ ਅੰਮ੍ਰਿਤਾ ਵਿਰਕ ਨੇ ਹਰ ਜੱਸ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

**ਖਬਰ ਸਫਾ 8 ‘ਤੇ ਅਤੇ ਤਸਵੀਰਾਂ ਸਫਾ 18-19 ‘ਤੇ ਦੇਖੋ)**

# ਜਾਤ ਦਾ ਪੱਤਾ ਖੇਡਣ ਵਾਲਿਆਂ ਦੀ ਪਛਾਣ ਹੋਵੇ: ਮੋਦੀ



**ਵਾਰਾਣਸੀ (ਬਿਊਰੋ)–** ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੀ ਜੈਯੰਤੀ ਮੌਕੇ ਲੋਕਾਂ ਨੂੰ ਬੇਨਤੀ ਕੀਤੀ ਹੈ ਕਿ ਉਹ ਜਾਤੀਵਾਦ ਦਾ ਖ਼ਾਤਮਾ ਕਰਨ ਅਤੇ ਸੌੜੇ ਹਿੱਤਾਂ ਕਾਰਨ ਇਸ ਨੂੰ ਉਤਸ਼ਾਹਿਤ ਕਰਨ ਵਾਲੀਆਂ ਤਾਕਤਾਂ ਦੀ ਸ਼ਨਾਖ਼ਤ ਕਰਨ। ਵਾਰਾਣਸੀ ਦੇ ਦੌਰੇ ਮੌਕੇ ਉਨ੍ਹਾਂ ਦੋ ਰੈਲੀਆਂ ਕੀਤੀਆਂ ਅਤੇ 3 ਹਜ਼ਾਰ ਕਰੋੜ ਰੁਪਏ ਦੇ ਵਿਕਾਸ ਪ੍ਰਾਜੈਕਟਾਂ ਦੀ ਸ਼ੁਰੂਆਤ ਕੀਤੀ। ਲੋਕ ਸਭਾ ਚੋਣਾਂ ਤੋਂ ਪਹਿਲਾਂ ਸ੍ਰੀ ਮੋਦੀ ਵੱਲੋਂ ਆਪਣੇ ਹਲਕੇ ਦੀ ਇਸ ਮਹੀਨੇ ਦੇ ਅੰਦਰ ਦੂਜੀ ਫੇਰੀ ਹੈ। ਕਾਂਗਰਸ ਦੇ ਪ੍ਰਧਾਨ ਸ੍ਰੀ ਰਾਹੁਲ ਗਾਂਧੀ ਅਤੇ ਸਮਾਜਵਾਦੀ ਪਾਰਟੀ ਪ੍ਰਧਾਨ ਅਖਿਲੇਸ਼ ਯਾਦਵ ਉਤੇ ਅਸਿੱਧੇ ਤੌਰ ’ਤੇ ਹਮਲਾ ਕਰਦਿਆਂ ਸ੍ਰੀ ਮੋਦੀ ਨੇ ਕਿਹਾ ਕਿ ਉਨ੍ਹਾਂ ਹਾਈ ਸਪੀਡ ਵੰਦੇ ਭਾਰਤ ਰੇਲਗੱਡੀ ਦੇ ਇੰਜਨੀਅਰਾਂ ਦਾ ਅਪਮਾਨ ਕੀਤਾ ਹੈ। ਇਥੇ ਸ੍ਰੀ ਗੁਰੂ ਰਵਿਦਾਸ ਜਨਮ ਸਥਾਨ ਏਰੀਆ ਵਿਕਾਸ ਪ੍ਰਾਜੈਕਟ ਦਾ ਨੀਂਹ ਪੱਥਰ ਰੱਖਦਿਆਂ ਉਨ੍ਹਾਂ ਕਿਹਾ ਕਿ ਸਮਾਜਿਕ ਸਦਭਾਵਨਾ ਕਾਇਮ ਕਰਨ ਲਈ ਜਾਤੀਗਤ ਵਿਤਕਰਾ ਵੱਡਾ ਅੜਿੱਕਾ ਹੈ। ਉਨ੍ਹਾਂ ਕਿਹਾ,’’ਗੁਰੂਜੀ ਨੇ ਕਿਹਾ ਸੀ ਕਿ ਜਾਤ ਦੇ ਆਧਾਰ ’ਤੇ ਕੋਈ ਵਿਤਕਰਾ ਨਹੀਂ ਹੋਣਾ ਚਾਹੀਦਾ ਹੈ। ਜਦੋਂ ਤੱਕ ਜਾਤਾਂ ਨਾਲ ਵਿਤਕਰਾ ਕੀਤਾ ਜਾਂਦਾ ਰਹੇਗਾ, ਲੋਕ ਇਕ-ਦੂਜੇ ਨਾਲ ਨਹੀਂ ਜੁੜਨਗੇ।’’ ਭਗਤੀ ਕਾਲ ਦੇ ਉੱਘੇ ਭਗਤ ਰਵਿਦਾਸ ਦਾ ਜਨਮ ਵਾਰਾਣਸੀ ’ਚ ਹੋਇਆ ਸੀ। ਪ੍ਰਧਾਨ ਮੰਤਰੀ ਨੇ ਕਿਹਾ ਕਿ ਭਗਤ ਰਵਿਦਾਸ ਨੇ ਅਜਿਹੇ ਸਮਾਜ ਦੀ ਕਲਪਨਾ ਕੀਤੀ ਸੀ ਜਿਥੇ ਸਭ ਦਾ ਧਿਆਨ ਰੱਖਿਆ ਜਾਵੇ। ’ਅਸੀਂ ਪਿਛਲੇ ਸਾਢੇ ਚਾਰ ਸਾਲਾਂ ਦੌਰਾਨ ’ਸਬਕਾ ਸਾਥ, ਸਬਕਾ ਵਿਕਾਸ’ ਰਾਹੀਂ ਉਨ੍ਹਾਂ ਦੇ ਰਾਹ ’ਤੇ ਚੱਲਣ ਦੀ ਕੋਸ਼ਿਸ਼ ਕੀਤੀ ਹੈ।’ ਉਨ੍ਹਾਂ ਕਿਹਾ ਕਿ ਨੌਜਵਾਨਾਂ ਦੀ ਸਹਾਇਤਾ ਨਾਲ ਨਵੇਂ ਭਾਰਤ ਦਾ ਨਿਰਮਾਣ ਹੋਵੇਗਾ।

# ਪੁਲਵਾਮਾ ਦਹਿਸ਼ਤੀ ਹਮਲੇ ਨੂੰ ਲੈ ਕੇ ਅਮਰੀਕਾਂ ’ਚ ਰੋਸ



**ਵਾਸ਼ਿੰਗਟਨ (ਬਿਊਰੋ)–** ਅਮਰੀਕਾ ਦੇ ਵੱਖ ਵੱਖ ਸ਼ਹਿਰਾਂ ਵਿੱਚ ਰਹਿੰਦੇ ਸੈਂਕੜੇ ਭਾਰਤੀ-ਅਮਰੀਕੀਆਂ ਨੇ ਇਕੱਠੇ ਹੋ ਕੇ ਪੁਲਵਾਮਾ ਦਹਿਸ਼ਤੀ ਹਮਲੇ ਵਿੱਚ ਸ਼ਹਾਦਤ ਪਾਉਣ ਵਾਲੇ 40 ਸੀਆਰਪੀਐਫ਼ ਜਵਾਨਾਂ ਦੀ ਮੌਤ ’ਤੇ ਸ਼ੋਕ ਜਤਾਉਂਦਿਆਂ ਸ਼ਰਧਾਂਜਲੀ ਦਿੱਤੀ ਹੈ। ਇਕੱਤਰ ਲੋਕਾਂ ਨੇ ਮੰਗ ਕੀਤੀ ਕਿ ਇਸ ਸਭ ਤੋਂ ਘਿਨਾਉਣੇ ਫਿਦਾਈਨ ਹਮਲੇ ਨੂੰ ਅੰਜਾਮ ਦੇਣ ਵਾਲੇ ਸਾਜ਼ਿਸ਼ਕਾਰਾਂ ਨੂੰ ਨਿਆਂ ਦੇ ਕਟਹਿਰੇ ਵਿੱਚ ਖੜ੍ਹਾ ਕੀਤਾ ਜਾਵੇ। ਸੈਂਕੜੇ ਭਾਰਤੀ ਅਮਰੀਕੀਆਂ ਨੇ ਐਤਵਾਰ ਨੂੰ ਸ਼ਿਕਾਗੋ ਦੇ ਬਾਹਰਵਾਰ 9K11 ਯਾਦਗਾਰ ’ਤੇ ਇਕੱਤਰ ਹੋ ਕੇ ਇਸ ਦਹਿਸ਼ਤੀ ਹਮਲੇ ਖ਼ਿਲਾਫ਼ ਰੋਸ ਜਤਾਇਆ। ਉਨ੍ਹਾਂ ਅਪੀਲ ਕੀਤੀ ਕਿ ਸਾਰੇ ਮੁਲਕਾਂ ਨੂੰ ਇਸ ’ਘ੍ਰਿਣਤ ਅਪਰਾਧ’ ਨੂੰ ਅੰਜਾਮ ਦੇਣ ਵਾਲੇ ਸਾਜ਼ਿਸ਼ਕਾਰਾਂ ਖ਼ਿਲਾਫ਼ ਵਿੱਢੀ ਲੜਾਈ ਵਿੱਚ ਭਾਰਤ ਤੇ ਅਮਰੀਕਾ ਦੇ ਨਾਲ ਖੜ੍ਹਨਾ ਚਾਹੀਦਾ ਹੈ। ਇਸ ਮੌਕੇ ਇਕ ਸਾਂਝਾ ਮਤਾ ਪਾਕਿਸਤਾਨ ਖਿਲਾਫ ਪੜ੍ਹਿਆ ਗਿਆ।

# ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ 24 ਫਰਵਰੀ ਨੂੰ ਮਨਾਏਗੀ ਸਤਿਗੁਰੂ ਰਵਿਦਾਸ ਜੀ ਦਾ 642ਵਾਂ ਪ੍ਰਕਾਸ਼ ਦਿਹਾੜਾ



ਗੁਰੂ ਘਰ ਦੀ ਕਮੇਟੀ ਦੇ ਮੈਂਬਰ ਅਤੇ ਅਹੁਦੇਦਾਰ ਅਤੇ ਹੋਰਾਂ ਦੀ ਇਕ ਯਾਦਗਾਰੀ ਫਾਈਲ ਚਿੱਤਰ। ਸਬੰਧਤ ਇਸਤਿਹਾਰ ਦੇਖੋ ਸਫਾ 36 ‘ਤੇ




MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ ’ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
6930 65TH STREET # 115 SACRAMENTO CA 95823



Sandeep Jony Bagga



RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com



39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.



* Please call us for Professional & reliable services at reasonable rates.
959 Corporate Way, Fremont, CA. 94539



ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ ॥
ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥1॥

## ਸਤਿਗੁਰੂ ਰਵਿਦਾਸ ਜੀ ਦੇ 642ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ




ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 642ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਪਿਟਸਬਰਗ ਵਿਖੇ 24 ਫਰਵਰੀ 2019 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ 22 ਫਰਵਰੀ 2019 (ਦਿਨ ਸ਼ੁੱਕਰਵਾਰ) ਨੂੰ ਪ੍ਰਾਰੰਭ ਹੋਣਗੇ ਅਤੇ 24 ਫਰਵਰੀ 2019 (ਦਿਨ ਐਤਵਾਰ) ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਕੀਰਤਨ ਦੀਵਾਨ ਦੁਪਹਿਰ 2:30 ਵਜੇ ਤੱਕ ਹੋਣਗੇ ਅਤੇ ਵਿਦਵਾਨ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।

## ਰਮੇਸ਼ ਸੁੰਮਨ ਅਤੇ ਸਮੂਹ ਪਰਿਵਾਰ

Chairman: Sri Guru Ravidass Sabha Pittsburg (California)
Mrs. Gyan Suman: Former Treasurer: Sri Guru Ravidass Sabha Pittsburg (California)

**Ramesh Suman**
Broker/Realtor, BRE - 00871752
Director - Delta Association of Realtors
CDPE, GRI, RCS-D
Certified HAFA Specialist,

**Majestic Homes**
2006 A Street, Suite 219, Antioch, CA 94509
Office Phone: (925)779-1234, Direct Phone: (925)366-3618, Fax: (925)219-3918
Email: Ramesh@RameshSuman.com



## ਸਤਿਗੁਰੂ ਰਵਿਦਾਸ ਜੀ ਦੇ 642ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 642ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਪਿਟਸਬਰਗ ਵਿਖੇ 24 ਫਰਵਰੀ 2019 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ 22 ਫਰਵਰੀ 2019 (ਦਿਨ ਸ਼ੁੱਕਰਵਾਰ) ਨੂੰ ਪ੍ਰਾਰੰਭ ਹੋਣਗੇ ਅਤੇ 24 ਫਰਵਰੀ 2019 (ਦਿਨ ਐਤਵਾਰ) ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਕੀਰਤਨ ਦੀਵਾਨ ਦੁਪਹਿਰ 2:30 ਵਜੇ ਤੱਕ ਹੋਣਗੇ ਅਤੇ ਵਿਦਵਾਨ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।




Cell: (209)-487-2127, Ph: (209) 478-0285, Fax: (209) 477-3206

# ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ, ਸੇਲਮਾ

ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ, ਸੇਲਮਾ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ 642ਵਾਂ ਪ੍ਰਕਾਸ਼ ਦਿਹਾੜਾ ਮਿਤੀ 22, 23, 24 ਫਰਵਰੀ 2019 ਦਿਨ ਸ਼ੁੱਕਰਵਾਰ, ਸ਼ਨਿਚਰਵਾਰ ਅਤੇ ਐਤਵਾਰ ਨੂੰ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧਤ 22 ਫਰਵਰੀ 2019 ਦਿਨ ਸ਼ੁੱਕਰਵਾਰ ਨੂੰ ਸਵੇਰੇ 9-10 ਵਜੇ ਨਿਸ਼ਾਨ ਸਾਹਿਬ ਦੀ ਸੇਵਾ ਅਤੇ 10.30 ਵਜੇ ਅਖੰਡ ਪਾਠ ਸਾਹਿਬ ਦੀ ਆਰੰਭਤਾ ਹੋਵੇਗੀ। 23 ਫਰਵਰੀ ਨੂੰ 5.30 ਤੋਂ 7 ਵਜੇ ਤੱਕ ਬੱਚਿਆਂ ਵੱਲੋਂ ਕੀਰਤਨ ਹੋਵੇਗਾ। 24 ਫਰਵਰੀ ਨੂੰ 10:30 ਵਜੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ। ਉਸ ਉਪਰੰਤ ਕੀਰਤਨ ਦਰਬਾਰ ਤੇ ਕਥਾ ਦੀ ਵਿਚਾਰਾਂ ਹੋਣਗੀਆਂ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

ਇਸ ਮੌਕੇ ਪ੍ਰਸਿੱਧ ਰਾਗੀ/ਕੀਰਤਨ ਜਥਿਆਂ ਵਿਚ ਜੋਗਿੰਦਰ ਸਿੰਘ ਚੰਦਨ, ਯੋਧਾਵਰ ਸਿੰਘ, ਸੁਖਵਿੰਦਰ ਸਿੰਘ, ਹਰਬਲਾਸ ਸਿੰਘ, ਬਘੇਲ ਸਿੰਘ ਆਪਣੇ ਰਸਭਿੰਨਾ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।



## ਪ੍ਰੋਗਰਾਮਾਂ ਦਾ ਵੇਰਵਾ

**22 ਫਰਵਰੀ 2019** ਦਿਨ ਸ਼ੁੱਕਰਵਾਰ ਸਵੇਰੇ 9-10 ਵਜੇ ਨਿਸ਼ਾਨ ਸਾਹਿਬ ਦੀ ਸੇਵਾ ਅਤੇ 10.30 ਵਜੇ ਅਖੰਡ ਪਾਠ ਸਾਹਿਬ ਦੀ ਆਰੰਭਤਾ ਹੋਵੇਗੀ।

**23 ਫਰਵਰੀ** ਨੂੰ 5.30 ਤੋਂ 7 ਵਜੇ ਤੱਕ ਬੱਚਿਆਂ ਵੱਲੋਂ ਕੀਰਤਨ ਹੋਵੇਗਾ।

**24 ਫਰਵਰੀ** ਨੂੰ 10:30 ਵਜੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ।

**ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਉਤਸ਼ਾਹ ਨਾਲ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।**




### ਸੰਗਤ ਦੇ ਸੇਵਾਦਾਰ

ਗੁਰੂ ਘਰ ਦਾ ਫੋਨ ਨੰਬਰ
559-891-8286

ਮਾਸਟਰ ਗੁਰਬਚਨ ਸਿੰਘ
559-375-4691

ਦੇਵਰਾਜ ਸਿੰਘ
559-916-6202

ਸੁਲੱਖਣ ਸਿੰਘ
559-285-1288

ਮਨੋਹਰ ਗਾਦੜਾ
559-546-3437

**2650 Blaine Avenue Selma (CA) 93662**

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੀਫੋਰਨੀਆ)

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਵੱਲੋਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 642ਵਾਂ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਪੂਰਵਕ ਹਰ ਸਾਲ ਦੀ ਤਰ੍ਹਾਂ ਇਸ ਵਾਰ ਦਿਨ ਐਤਵਾਰ, 31 ਮਾਰਚ, 2019 ਨੂੰ 31252 Veasy Street Union City California, 94587 ਵਿਖੇ ਮਨਾਇਆ ਜਾ ਰਿਹਾ ਹੈ। ਆਪ ਸਭ ਸਮੂਹ ਸੰਗਤਾਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਸਭ ਪਰਿਵਾਰ ਅਤੇ ਦੋਸਤਾਂ-ਮਿੱਤਰਾਂ, ਰਿਸ਼ਤੇਦਾਰਾਂ ਸਮੇਤ ਇਸ ਸ਼ੁਭ ਦਿਹਾੜੇ ਤੇ ਹਾਜ਼ਰੀ ਲਗਵਾ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

## ਹੋਰ ਜਾਣਕਾਰੀ ਲਈ ਸੰਪਰਕ ਕਰੋ

ਕੇਵਲ ਸਿੰਘ
ਪ੍ਰਧਾਨ
510-299-6418

ਖਜਾਨਚੀ ਗੁਰੂ ਘਰ
408-509-9697

ਸ਼ਿਵ ਸਿੱਧੂ
ਜਨਰਲ ਸਕੱਤਰ
510-386-2715




ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੀਫੋਰਨੀਆ) ਦੀ ਪ੍ਰਬੰਧਕ ਕਮੇਟੀ ਦੇ ਮੈਂਬਰ

**Shri Guru Ravidass Sabha (Bay Area) California (USA)**
**31252 Veasy Street Union City California, 94587**

# Sri Guru Ravidass Supreme Council

## U.S.A

## 2150 Crestview Drive, Pittsburg, CA 94565



# (DHAN DHAN SRI GURU RAVIDASS JI MAHARAJ)

## HUMBLE MESSAGE

SUPREME COUNCIL SRI GURU RAVIDASS SABHAS, USA congratulates the entire Sangat and all the six Guru Ravidass Guru Ghars functioning in California, on the auspicious occasion of celebrating 642nd PRAKASH UTSAV OF SRI GURU RAVIDASS JI MAHARAJ, ON FEBRUARY 24th,2019 at Sri Guru Ravidass Temple, Pittsburg (CA). Pittsburg Guru Ghar has the distinct honor of being the 1st temple established in North America in 1985 by the dedicated followers of Guru Ravidass Ji.

Supreme Council, a representative body of all the six Guru Ravidass temples in California working together in a spirit of mutual help and co-operation, firmly believes in the noble teachings of equality and universal brotherhood, as enshrined in the holy pages of Guru Granth Sahib Ji. Whatever race or religion may be, they all derive their inspiration from one heavenly source and are subjects of one God. The core value of all religious beliefs is tied to a common thread of love, tolerance and spirit of helping those suffering from ignorance, prejudices and discriminations which breed nothing but bitterness and hatred.

Our best tribute to the celebration of this sacred day is to follow Guru Ji's teachings to its depth to make this planet a better place to live.

**HUMBLE SEWADAR,**

**O.P. Balley**

**General Secretary,**

**Sri Guru Ravidass Supreme Council, USA**

**Founder Member of**

**Sri Guru Ravidass Sabha Pittsburg (California)**

ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ ॥
ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥1॥



# ਸਤਿਗੁਰੂ ਰਵਿਦਾਸ ਜੀ ਦੇ 642ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ



ਸੁਰਿੰਦਰ ਕੋਕਾ


# TANDOOR Indian Restaurant

27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE:

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.

BUFFET LUNCH 11:00 AM To 3:00 PM

ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

We are open seven days 11 AM to 10 PM

Contact Us:

Ph. 510-885-1212

Fax. 510-885-1532

# L.A. MERCHANDISE

## Whole Sale +Retail

ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

500 N. Palora Ave. Yuba City, CA 95991

Loose Fabrics, Groceries, Blankets, Vegetables

ਕੁਈਨ ਸਾਈਜ਼ ਬਲੈਂਕਟ $ 18.99 ਦਾ (+Tax)
5 ਬਲੈਂਕਟ ਖਰੀਦਣ ਤੇ 1 ਬਲੈਂਕਟ ਫਰੀ



ਕੈਰੀ ਬੈਗ ਵਧੀਆ ਤੇ ਸਸਤੇ ਰੇਟਾਂ 'ਤੇ ਉਪਲਬਧ ਹਨ



New folding bed verities

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 41.99+Tax

ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ



ਹਰ ਕਿਸਮ ਦੀ ਦਾਲ ਸੇਲ 'ਤੇ ਹੈ। ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।

Red Label Tea 900 Gm $ 3.99



Bio Bidet Elite 2 $ 39.99+ Tax



ਪੱਗਾਂ
ਹਰ ਤਰ੍ਹਾਂ ਦੀਆਂ ਪੱਗਾਂ ਪਹਿਲਾਂ 3 ਡਾਲਰ ਪ੍ਰਤੀ ਗਜ ਦੀ ਥਾਂ ਹੁਣ ਰੇਟ 1.73 ਡਾਲਰ ਪ੍ਰਤੀ ਗਜ ਖਰੀਦੋ

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ



Baksho Kaur Bisla Hardev Singh Bisla

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

* ਗੋਲਡਨ ਆਟਾ ਨਾਲ 400 ਗ੍ਰਾਮ ਸੂਜ਼ੀ ਪੈਕਟ ਮੁਫਤ
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਮਿਲਦਾ ਹੈ।



ਸੂਟ
ਹਰ ਤਰ੍ਹਾਂ ਦਾ ਸੂਟ 20 ਡਾਲਰ ਵਿਚ ਖਰੀਦੋ

ਲਾਈਨਿੰਗ
ਸੂਟਾਂ ਦੀ ਲਾਈਨਿੰਗ ਪਹਿਲਾਂ 4.50 ਡਾਲਰ ਪ੍ਰਤੀ ਗਜ਼ ਦੀ ਥਾਂ ਹੁਣ 1.79 ਡਾਲਰ ਪ੍ਰਤੀ ਗਜ ਖਰੀਦੋ

530-671-0439, Fax 530-822-0439 Cell- 530-844-3250

Buy 5 get 1 free

# Chicago's Pizza with a Twist

Call: 1-209-398-2221







Parvinder Dhesi



Kulwant Sandhu

1471 B St., Unit B, Livingston, CA 95334

ਦੇਸ਼ ਦੁਆਬਾ

# ਦੱਖਣੀ ਏਸ਼ੀਆ ਵਿਚ ਦਹਿਸ਼ਤਗਰਦੀ

ਜੰਮੂ-ਕਸ਼ਮੀਰ ਦੇ ਪੁਲਵਾਮਾ ਸ਼ਹਿਰ ਨੇੜੇ ਭਿਆਨਕ ਆਰ. ਡੀ. ਐਕਸ ਹਮਲੇ ਵਿਚ ਮਾਰੇ ਗਏ 42 ਸੀ. ਆਰ. ਪੀ. ਐਫ. ਦੇ ਜਵਾਨਾਂ ਕਾਰਨ ਭਾਰਤ ਅਤੇ ਪਾਕਿਸਤਾਨ ਵਿਚਕਾਰ ਤਣਾਅ ਸਿਖਰ ਤੇ ਪਹੁੰਚ ਗਿਆ ਹੈ। ਪਾਕਿਸਤਾਨ ਵਿਚ ਰਹਿ ਰਹੇ ਦਹਿਸ਼ਤਗਰਦਾਂ ਵੱਲੋਂ ਕਰਵਾਏ ਇਸ ਭਿਆਨਕ ਹਮਲੇ ਕਾਰਨ ਸਿਰਫ ਭਾਰਤ ਵਿਚ ਹੀ ਨਹੀਂ ਬਲਕਿ ਪੂਰੀ ਦੁਨੀਆਂ ਵਿਚ ਰੋਸ ਫੈਲ ਗਿਆ ਹੈ। ਸੰਯੁਕਤ ਰਾਸ਼ਟਰ ਸਮੇਤ ਸਾਰੇ ਯੂਰਪ, ਅਮਰੀਕਾ, ਏਸ਼ੀਆਈ ਮੁਲਕਾਂ ਅਤੇ ਅਫਰੀਕੀ ਮੁਲਕਾਂ ਨੇ ਇਸ ਹਮਲੇ ਦੀ ਜ਼ੋਰਦਾਰ ਨਿੰਦਾ ਕੀਤੀ ਹੈ ਅਤੇ ਭਾਰਤ ਨੂੰ ਕੋਈ ਵੀ ਕਾਰਵਾਈ ਕਰਨ ਲਈ ਕਹਿ ਦਿੱਤਾ ਹੈ। ਪਰ ਹਾਲੇ ਵੀ ਪਾਕਿਸਤਾਨ ਦੀ ਲੀਡਰਸ਼ਿਪ ਕੋਈ ਜ਼ਿੰਮੇਵਾਰੀ ਵਾਲਾ ਕਦਮ ਚੁੱਕਣ ਲਈ ਤਿਆਰ ਨਹੀਂ ਹੈ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਤਾਂ ਸਾਫ ਇਨਕਾਰ ਹੀ ਕਰ ਦਿੱਤਾ ਹੈ ਕਿ ਉਹਨਾਂ ਦੇ ਮੁਲਕ ਦਾ ਕੋਈ ਹੱਥ ਨਹੀਂ, ਪਰ ਦਹਿਸ਼ਤਗਰਦ ਸ਼ਰੇਆਮ ਕਹਿ ਰਹੇ ਹਨ ਕਿ ਉਹਨਾਂ ਨੂੰ ਪਾਕਿਸਤਾਨ ਦੀ ਫੌਜ ਅਤੇ ਖੁਫੀਆ ਏਜੰਸੀ ਦੀ ਪੂਰੀ ਸ਼ਹਿ ਅਤੇ ਹਮਾਇਤ ਪ੍ਰਾਪਤ ਹੈ। ਇਮਰਾਨ ਖਾਨ ਕਹਿ ਰਹੇ ਹਨ ਕਿ ਉਹਨਾਂ ਦਾ ਮੁਲਕ ਖੁਦ ਦਹਿਸ਼ਤਗਰਦੀ ਦਾ ਸ਼ਿਕਾਰ ਹੈ ਪਰ ਕੌਣ ਨਹੀਂ ਜਾਣਦਾ ਕਿ ਦਹਿਸ਼ਤਗਰਦੀ ਫੈਲਾਉਣ ਵਾਲੇ ਪਾਕਿਸਤਾਨ ਵਿਚ ਹੀ ਮੌਜੂਦ ਹਨ ਅਤੇ ਉਹਨਾਂ ਦੇ ਖਿਲਾਫ ਕਾਰਵਾਈ ਕਿਉਂ ਨਹੀਂ ਕੀਤੀ ਜਾਂਦੀ? ਮੁੰਬਈ ਵਿਚ ਹੋਏ ਭਿਆਨਕ ਦਹਿਸ਼ਤੀ ਹਮਲੇ ਤੋਂ ਬਾਅਦ ਪਾਕਿਸਤਾਨ ਨੂੰ ਭਾਰਤ ਨੇ ਹਰ ਕਿਸਮ ਦੇ ਸਬੂਤ ਮੁਹੱਈਆ ਕਰਵਾਏ ਸਨ ਪਰ ਪਾਕਿਸਤਾਨ ਨੇ ਕਿਸੇ ਦੋਸ਼ੀ ਨੂੰ ਸਜ਼ਾ ਨਹੀਂ ਦਿੱਤੀ। ਪਾਕਿਸਤਾਨ ਵਿਚ ਹਾਲਾਤ ਅਜਿਹੇ ਹਨ ਕਿ ਦਹਿਸ਼ਤਗਰਦ ਸਰਕਾਰ ਨੂੰ ਵੀ ਧਮਕੀਆਂ ਦਿੰਦੇ ਹਨ ਅਤੇ ਪਾਕਿਸਤਾਨ ਦੇ ਸਕੂਲਾਂ, ਕਾਲਜਾਂ ਵਿਚ ਜਾ ਕੇ ਵਿਦਿਆਰਥੀਆਂ ਨੂੰ ਗੁੰਮਰਾਹ ਕਰਕੇ ਦਹਿਸ਼ਤਗਰਦ ਬਣਾ ਰਹੇ ਹਨ। ਦਹਿਸ਼ਤਗਰਦੀ ਦੀ ਅੱਗ ਵਿਚ 10-10 ਸਾਲ ਦੇ ਬੱਚਿਆਂ ਤੱਕ ਨੂੰ ਝੋਕਿਆ ਜਾ ਰਿਹਾ ਹੈ। ਪਾਕਿਸਤਾਨ ਦੇ ਲੋਕ ਖੁਦ ਕਹਿੰਦੇ ਹਨ ਕਿ ਪਾਕਿਸਤਾਨ ਦੇ ਪੰਜਾਬ ਸੂਬੇ ਵਿਚ ਅੱਧੇ ਤੋਂ ਜ਼ਿਆਦਾ ਘਰ ਅਜਿਹੇ ਹਨ, ਜਿਹਨਾਂ ਦੇ ਜਵਾਨ ਬੱਚੇ ਦਹਿਸ਼ਤਗਰਦ ਚੁੱਕ ਕੇ ਲੈ ਜਾਂਦੇ ਹਨ ਜਾਂ ਵਰਗਲਾ ਕੇ ਲੈ ਜਾਂਦੇ ਹਨ ਅਤੇ ਉਹਨਾਂ ਨੂੰ ਦਹਿਸ਼ਤ ਫੈਲਾਉਣ ਲਈ ਪੂਰੀ ਦੁਨੀਆਂ ਵਿਚ ਸਪਲਾਈ ਕੀਤਾ ਜਾਂਦਾ ਹੈ।

ਇਕ ਮੁਲਕ ਵਿਚ ਜਦੋਂ ਅਜਿਹੇ ਹਾਲਾਤ ਹੋ ਜਾਣ ਤਾਂ ਦੁਨੀਆਂ ਦਾ ਜਾਗ ਜਾਣਾ ਸੁਭਾਵਿਕ ਹੈ ਅਤੇ ਅੱਜ ਦੁਨੀਆਂ ਜਾਗ ਗਈ ਹੈ। ਦਹਿਸ਼ਤਗਰਦੀ ਸਿਵਲ ਸੁਸਾਇਟੀ ਦੇ ਲਈ ਬਹੁਤ ਮਾੜੀ ਹੈ ਜਦਕਿ ਸਾਰੀ ਦੁਨੀਆਂ ਦਾ ਤਾਣ ਆਪਣੀ ਸਿਵਲ ਸੁਸਾਇਟੀ ਦੀ ਤਰੱਕੀ ਵੱਲ ਹੀ ਲੱਗਿਆ ਹੋਇਆ ਹੈ। ਇਸ ਕਰਕੇ ਬਿਹਤਰ ਹੈ ਕਿ ਪਾਕਿਸਤਾਨ ਆਪਣੇ ਆਪ ਨੂੰ ਸੁਧਾਰ ਲਵੇ, ਨਹੀਂ ਤਾਂ ਅੰਜਾਮ ਬਹੁਤ ਮਾੜੇ ਹੋਣਗੇ, ਜਿਸ ਦਾ ਖਮਿਆਜ਼ਾ ਨਿਰਦੋਸ਼ ਲੋਕਾਂ ਨੂੰ ਹੀ ਭੁਗਤਣਾ ਪੈਂਦਾ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-95

## ਮਾਤਾ ਖੀਵੀ ਕੌਣ ਸਨ?



ਅਵਤਾਰ ਸਿੰਘ ਮਿਸ਼ਨਰੀ
510-432-5827

ਮਾਤਾ ਖੀਵੀ ਜੀ ਗੁਰੂ ਅੰਗਦ ਸਾਹਿਬ ਦੇ ਧਰਮ-ਸੁਪਤਨੀ ਸਨ। ਉਨ੍ਹਾਂ ਦਾ ਜਨਮ ਖਾਡੂਰ ਕਸਬੇ ਦੇ ਭਾਈ ਦੇਵੀ ਚੰਦ ਅਤੇ ਮਾਤਾ ਕਰਨ ਦੇਵੀ ਦੇ ਘਰ ਹੋਇਆ। ਆਪ ਜੀ ਦੀ ਜਨਮ ਮਿਤੀ ਪੱਕੀ ਨਹੀਂ ਮਿਲਦੀ ਪਰ ਵਿਆਹ ਸੰਨ ੧੫੧੯ ਮੁਤਾਬਿਕ ਜਨਮ ਤਰੀਕ ੧੫੦੪ ਬਣਦੀ ਹੈ। ਭਾਈ ਦੇਵੀ ਚੰਦ ਸ਼ਾਹੂਕਾਰ ਅਤੇ ਦੁਕਾਨਦਾਰੀ ਦਾ ਕੰਮ ਕਰਦੇ ਤੇ ਇਲਾਕੇ ਵਿੱਚ ਇਨ੍ਹਾਂ ਦੀ ਬੜੀ ਮਾਨਤਾ ਸੀ। ਮਾਤਾ ਖੀਵੀ ਜੀ ਨੇ ਵੀ ਆਪਣੇ ਪਿਤਾ ਤੋਂ ਚੰਗੇ ਸੰਸਕਾਰ ਅਤੇ ਗੁਣ ਵਿਰਾਸਤ ’ਚ ਪ੍ਰਾਪਤ ਕੀਤੇ। ਮਾਤਾ ਖੀਵੀ ਜੀ ਦਾ ਵਿਆਹ ੧੫ ਸਾਲ ਦੀ ਉਮਰ ’ਚ ਸੰਨ ੧੫੧੯ ਨੂੰ ਭਾਈ ਲਹਿਣਾ ਜੀ ਨਾਲ ਹੋਇਆ। ਉਨ੍ਹਾਂ ਨੂੰ ਗੁਰੂ ਨਾਨਕ ਸਾਹਿਬ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਬਾਰੇ ਜਾਣਕਾਰੀ ਮਾਈ ਭਿਰਾਈ ਤੋਂ ਮਿਲੀ। ਤਕਰੀਬਨ ਇਸੇ ਸਮੇ ਭਾਈ ਲਹਿਣਾ ਜੀ ਨੂੰ ਭਾਈ ਜੋਧਾ ਕੋਲੋਂ ਗੁਰੂ ਨਾਨਕ ਸਾਹਿਬ ਬਾਰੇ ਜਾਣਕਾਰੀ ਮਿਲੀ। ਮਾਤਾ ਖੀਵੀ ਜੀ ਦੇ ਘਰ ਵੱਡੀ ਪੁਤਰੀ ਬੀਬੀ ਅਮਰੋ ਦਾ ਜਨਮ ਸੰਨ ੧੫੩੨ ਈਸਵੀ ਨੂੰ ਹੋਇਆ। ਜਦੋਂ ਭਾਈ ਲਹਿਣਾ ਦੇਵੀ ਦੀ ਸਾਲਾਨਾ ਯਾਤਰਾ ਨੂੰ ਜਾਣ ਲੱਗੇ ਤਾਂ ਉਨ੍ਹਾਂ ਨੇ ਕਰਤਾਰਪੁਰ ਗੁਰੂ ਨਾਨਕ ਸਾਹਿਬ ਦੇ ਦਰਸ਼ਨ ਕਰਨ ਦਾ ਮਨ ਬਣਾਇਆ। ਭਾਈ ਲਹਿਣਾ ਰਸਤੇ ਵਿੱਚ ਕਰਤਾਰਪੁਰ ਰੁਕੇ ਅਤੇ ਗੁਰੂ ਨਾਨਕ ਸਾਹਿਬ ਤੋਂ ਏਨੇ ਜ਼ਿਆਦਾ ਪ੍ਰਭਾਵਿਤ ਹੋਏ ਕਿ ਉਨ੍ਹਾਂ ਨੇ ਗੁਰੂ ਸਾਹਿਬ ਪਾਸੋਂ ਉਥੇ ਹੀ ਰਹਿਣ ਦੀ ਆਗਿਆ ਲੈ ਲਈ ਤੇ ਤਨ, ਮਨ ਅਤੇ ਧਨ ਨਾਲ ਸੇਵਾ ਕਰਨ ਲੱਗੇ ਤੇ ਸਿੱਖੀ ਧਾਰਨ ਕੀਤੀ। ਕੁਝ ਦੇਰ ਬਾਅਦ ਗੁਰੂ ਨਾਨਕ ਸਾਹਿਬ ਨੇ ਉਨ੍ਹਾਂ ਨੂੰ ਖਡੂਰ ਵਾਲੇ ਪਾਸੇ ਬਾਣੀ ਦਾ ਪ੍ਰਚਾਰ ਕਰਨ ਲਈ ਭੇਜਿਆ। ਗੁਰੂ ਨਾਨਕ ਸਾਹਿਬ ਭਾਈ ਲਹਿਣਾ ਦੀ ਸੇਵਾ ਤੋਂ ਏਨੇ ਜਿਆਦਾ ਖੁਸ਼ ਸਨ ਕਿ ਦੋ ਵਾਰ ਆਪ ਖਡੂਰ ਵਿਖੇ ਭਾਈ ਲਹਿਣਾ ਜੀ ਨੂੰ ਮਿਲਣ ਆਏ। ਭਾਈ ਲਹਿਣਾ ਜੀ ਦੇ ਗ੍ਰਹਿ ਵਿਖੇ ਬੀਬੀ ਅਮਰੋ ਤੋਂ ਬਾਅਦ ਬੀਬੀ ਅਨੋਖੀ ਅਤੇ ਦੋ ਪੁੱਤ੍ਰ ਦਾਤੂ ਅਤੇ ਦਾਸੂ ਪੈਦਾ ਹੋਏ। ਮਾਤਾ ਖੀਵੀ ਜੀ ਨੇ ਗੁਰੂ ਨਾਨਕ ਸਾਹਿਬ ਦੀ ਸਿੱਖਿਆ ਆਪਣੇ ਪਤੀ ਪਾਸੋਂ ਹਾਸਲ ਕੀਤੀ ਅਤੇ ਇਸ ਨੂੰ ਪੂਰੇ ਮਨ ਅਤੇ ਤਨ ਨਾਲ ਅਪਨਾਇਆ।

ਗੁਰੂ ਨਾਨਕ ਸਾਹਿਬ ਨੇ ਕਿਰਤ ਕਰਨ, ਵੰਡ ਛਕਣ ਅਤੇ ਨਾਮ ਜਪਣ ਦਾ ਸਿਧਾਂਤ ਆਪਣੇ ਅਮਲੀ ਜੀਵਨ ’ਚ ਕਰਤਾਰਪੁਰ ਤੋਂ ਹੀ ਸਥਾਪਤ ਕਰਦੇ ਲੰਗਰ ਦੀ ਸੰਸਥਾ ਇੱਥੋਂ ਸ਼ੁਰੂ ਕੀਤੀ ਸੀ। ਜਦੋਂ ਗੁਰ-ਗੱਦੀ ’ਤੇ ਬੈਠਣ ਬਾਅਦ ਗੁਰੂ ਅੰਗਦ ਜੀ ਨੇ ਖਡੂਰ ਸਾਹਿਬ ਤੋਂ ਗੁਰਮਤਿ ਦਾ ਪ੍ਰਚਾਰ ਸ਼ੁਰੂ ਕੀਤਾ ਤਾਂ ਮਾਤਾ ਖੀਵੀ ਨੇ ਲੰਗਰ ਦੀ ਸੇਵਾ ਦੇ ਸਾਰੇ ਪ੍ਰਬੰਧ ਦੀ ਜ਼ਿੰਮੇਵਾਰੀ ਆਪ ਸੰਭਾਲ ਲਈ। ਮਾਤਾ ਖੀਵੀ ਵੱਲੋਂ ਬਹੁਤ ਵਧੀਆ ਲੰਗਰ ਤਿਆਰ ਕਰਕੇ ਸੰਗਤਾਂ ਨੂੰ ਸ਼ਰਧਾ ਨਾਲ ਛਕਾਇਆ ਜਾਂਦਾ ਸੀ। ਮਾਤਾ ਖੀਵੀ ਨੇ ਲੰਗਰ ਦੀ ਸੇਵਾ ਤੋਂ ਇਲਾਵਾ ਸਭ ਲਈ ਪ੍ਰੇਮ ਭਾਵਨਾ ਵਾਲਾ ਵਾਤਾਵਰਣ ਸਿਰਜਿਆ। ਰਾਮਕਲੀ ਵਾਰ ਵਿੱਚ ਰਾਇ ਬਲਵੰਡ ਅਤੇ ਸਤੇ ਨੇ ਲਿਖਿਆ ਹੈ ਕਿ ਜਦੋਂ ਗੁਰੂ ਨਾਨਕ ਸਾਹਿਬ ਨੇ ਆਪਣੀ ਜੋਤਿ ਭਾਈ ਲਹਿਣੇ ਦੇ ਹਿਰਦੇ ’ਚ ਰੱਖੀ ਤਾਂ ਚਾਰ ਚੁਫੇਰੇ ਭਾਈ ਲਹਿਣੇ ਦੀ ਦੋਹੀ ਫਿਰ ਗਈ। ਗੁਰ ਜੋਤਿ ਅਤੇ ਗੁਰੂ ਜੁਗਤ ਵੀ ਉਹੀ ਸੀ। ਗੁਰੂ ਨਾਨਕ ਸਾਹਿਬ ਨੇ ਧਰਮ ਦਾ ਰਾਜ ਕਾਇਮ ਕਰਦੇ, ਸੱਚ ਰੂਪ ਕਿਲਾ ਪੱਕੀ ਤੇ ਡੂੰਘੀ ਨੀਂਹ ’ਤੇ ਉਸਾਰਿਆ। ਇਸੇ ਗੁਰਮਤਿ ਦੇ ਪ੍ਰਾਚਾਰ ਹਿਤ ਗੁਰੂ ਅੰਗਦ ਸਾਹਿਬ ਗੁਰ-ਸ਼ਬਦ ਦਾ ਅਤੁਟ ਲੰਗਰ ਚਲਾਉਣ ਲੱਗੇ। ਇੱਕ ਪਾਸੇ ਗੁਰੂ ਅੰਗਦ ਵੱਲੋਂ ਸ਼ਬਦ ਦਾ ਲੰਗਰ ਚਲਦਾ ਤੇ ਦੂਸਰੇ ਪਾਸੇ ਸਾਧ-ਸੰਗਤਿ ਲਈ ਮਾਤਾ ਖੀਵੀ ਵੱਲੋਂ ਦਾਲ, ਪ੍ਰਸ਼ਾਦੇ, ਖੀਰ ਅਤੇ ਘਿਓ ਦਾ ਸੁਆਦਿਸ਼ਟ ਲੰਗਰ ਚਲਾਇਆ ਜਾਂਦਾ ਸੀ ਜਿਸ ਕਰਕੇ ਮਾਤਾ ਜੀ ਦਾ ਲੋਕਾਂ ਨੂੰ ਬਹੁਤ ਵੱਡਾ ਆਸਰਾ ਸੀ। ਮਾਤਾ ਖੀਵੀ ਦਾ ਐਸਾ ਮਾਲਕ, ਗੁਰੂ ਅੰਗਦ ਜਿਸ ਨੇ ਸਾਰੇ ਜਗਤ ਦਾ ਭਾਰ ਚੁੱਕਿਆ ਹੋਇਆ ਹੈ-ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ॥ ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ॥ ਗੁਰਸਿਖਾਂ ਕੇ ਮੁਖ ਉਜਲੇ ਮਨਮੁਖ ਥੀਏ ਪਰਾਲੀ॥ ਪਏ ਕਬੂਲ ਖਸੰਮ ਨਾਲਿ ਜਾਂ ਘਾਲ ਮਰਦੀ ਘਾਲੀ॥ ਮਾਤਾ ਖੀਵੀ ਸਹੁ ਸੋਇ ਜਿਨਿ ਗੋਇ ਉਠਾਲੀ॥(੯੬੭)

ਸਤਿਕਾਰਯੋਗ ਮਾਤਾ ਖੀਵੀ ਜੀ ਪਤੀ ਗੁਰੂ ਅੰਗਦ ਸਹਿਬ ਦੇ ਜੋਤੀ ਜੋਤਿ ਸਮਾਉਣ ਤੋਂ ਕਰੀਬ 30 ਸਾਲ ਬਆਦ ਤੱਕ ਗੁਰਮਤਿ ਪ੍ਰਚਾਰ ਤੇ ਲੰਗਰ ਨਾਲ ਸੰਗਤ ਦੀ ਬਾਖੂਬੀ ਸੇਵਾ ਕਰਦੇ ਰਹੇ ਅਤੇ ਆਪ ਜੀ ਦਾ ਦੇਹਾਂਤ 1582 ਈਸਵੀ ਮੁਤਬਿਕ ਸੰਮਤ ੧੬੩੯ ਨੂੰ ਹੋਇਆ। ਮਾਤਾ ਖੀਵੀ ਜੀ ਦੇ ਗੌਰਵਮਈ ਇਤਿਹਾਸ ਤੋਂ ਅਜੋਕੀਆਂ ਸਿੱਖ ਬੀਬੀਆਂ ਨੂੰ ਸਿਖਿਆ ਲੈ ਕੇ ਚੰਗੀਆਂ ਮਾਵਾਂ, ਭੈਣਾਂ, ਪ੍ਰਬੰਧਕ, ਆਗੂ ਅਤੇ ਕੌਮੀ ਸੇਵਕਾ ਬਣਕੇ ਸਿੱਖ ਕੌਮ ਅਤੇ ਮਨੁੱਖਤਾ ਦੀ ਸੇਵਾ ਕਰਨੀ ਚਾਹੀਦੀ ਹੈ।

# ਸੂਰਮੇ ਸਿੰਘ ਨੇ ਕਰੇ ਸ਼ਰਮਿੰਦੇ!



ਤਰਲੋਚਨ ਸਿੰਘ ਦੁਪਾਲਪੁਰ
001-408-915-1268

ਮਾਣਯੋਗ ਸੰਪਾਦਕ ਜੀ,

ਬੀਤੇ ਦਿਨੀਂ ਪੰਜਾਬ ਤੋਂ ਛਪਦੀ ਇਕ ਅਖ਼ਬਾਰ ਵਿਚ ਲੋਕ ਸਭਾ ਹਲਕਾ




ਆਨੰਦਪੁਰ ਸਾਹਿਬ-ਗੜ੍ਹਸ਼ੰਕਰ ਸੜਕ ਦੀ ਹਾਲਤ ਬਿਆਨਦੀ ਤਸਵੀਰ। ਫੋਟੋ: ਵਿੱਕੀ ਘਾਰੂ

ਸ੍ਰੀ ਅਨੰਦਪੁਰ ਸਾਹਿਬ ਦਾ ਲੇਖਾ-ਜੋਖਾ ਕਰਦਾ ਫੀਚਰ ਵੱਡੀ ਉਤਸੁਕਤਾ ਨਾਲ ਪੜ੍ਹਿਆ ਕਿਉਂਕਿ ਮੇਰਾ ਆਪਣਾ ਪਿੰਡ ਇਸੇ ਹਲਕੇ ਵਿਚ ਸਥਿਤ ਹੈ। ਪਰ ਇਸ ਫੀਚਰ ਵਿਚ ਗੜ੍ਹਸ਼ੰਕਰ ਸ੍ਰੀ ਅਨੰਦਪੁਰ ਸਾਹਿਬ ਸੜਕ ਦੇ ਡੂੰਘੇ ਖੱਡਿਆਂ ਦੀ ਫੋਟੋ ਛਪੀ ਹੋਈ ਦੇਖ ਕੇ ਮੈਨੂੰ ਬੀਤੇ ਵਰ੍ਹੇ ਅਕਤੂਬਰ ਮਹੀਨੇ ਉਸ ਇਤਿਹਾਸਕ ਅਸਥਾਨ ਦੀ ਕੀਤੀ ਆਪਣੀ ਯਾਤਰਾ ਚੇਤੇ ਆ ਗਈ।

ਹੋਇਆ ਇੰਝ ਕਿ ਘਰੋਂ ਤੁਰਨ ਵੇਲੇ ਕਾਰ ਸਟਾਰਟ ਕਰਨ ਲੱਗਿਆਂ ਮੇਰੇ ਬੇਟੇ ਨੇ ਸ਼ੰਕਾ ਵੀ ਜਤਾਈ ਕਿ ਗੜ੍ਹਸ਼ੰਕਰ ਵਾਲੀ ਸੜਕ ਟੁੱਟੀ ਹੋਈ ਹੁੰਦੀ ਹੈ, ਆਪਾਂ ਵਾਇਆ ਰੋਪੜ ਚਲਦੇ ਹਾਂ। ਪਰ ਮੈਂ ਗੜ੍ਹਸ਼ੰਕਰ ਵਾਲੇ ਰਾਹ ਆਪਣੇ ਬਾਪ ਦੇ ਸਾਈਕਲ ਪਿੱਛੇ ਬਹਿ ਕੇ ਅਤੇ ਬਾਅਦ ਵਿਚ ਖੁਦ ਵੀ ਕਈ ਵਾਰ ਸਾਈਕਲ ’ਤੇ ਹੀ ਅਨੰਦਪੁਰ ਸਾਹਿਬ ਨੂੰ ਜਾਂਦਾ ਰਿਹਾ ਹੋਣ ਕਰਕੇ ਇਸੇ ਰਾਹੇ ਜਾਣ ਨਹੀਂ ਜੋਰ ਪਾਇਆ। ਤਾਂ ਕਿ ਮੈਂ ਪੁਰਾਣੀਆਂ ਯਾਦਾਂ ਤਾਜ਼ੀਆਂ ਕਰਦਾ ਜਾਵਾਂ। ਕਿ ਕਿਵੇਂ ਰਾਹ ਵਿਚ ਖਟ-ਮਿੱਠੇ ਗਰੂਨੇ ਤੋੜ ਤੋੜ ਕੇ ਖਾਂਦੇ ਅਤੇ ਲੰਗਰ ਛਕਦੇ ਜਾਂਦੇ ਹੁੰਦੇ ਸਾਂ।

ਪਰ ਉਹੀ ਗੱਲ ਹੋਈ! ਜਦ ਅਸੀਂ ’ਬੀਤ’ ਇਲਾਕੇ ਵਿਚ ਦਾਖਲ ਹੋਏ, ਤਦ ਇਉਂ ਜਾਪੇ ਜਿਵੇਂ ਸਾਡੀ ਕਾਰ ਕਿਸੇ ਸੜਕ ’ਤੇ ਨਹੀਂ, ਸਗੋਂ ਕਿਸੇ ਬੇਅਬਾਦ ਊਬੜ-ਖਾਬੜ ਖੇਤ ਵਿਚ ਡਿੱਕੇ ਡੋਲੇ ਖਾਂਦੀ ਜਾ ਰਹੀ ਹੋਵੇ। ਸਵਾ ਕੁ ਘੰਟੇ ਦਾ ਰਾਹ ਅਸੀਂ ਚਹੁੰ ਘੰਟਿਆਂ ’ਚ ਮੁਕਾਇਆ! ਨੰਗਲ-ਆਨੰਦਪੁਰ ਸਾਹਿਬ ਰੋਡ ਉੱਤੇ ਚੜ੍ਹਨ ਤੱਕ ਮੇਰਾ ਬੇਟਾ ਸਟੇਅਰਿੰਗ, ਕਲੱਚ ਅਤੇ ਰੇਸ ਨਾਲ ਘੁਲਦਾ ਹੀ ਗਿਆ।

ਮਲਾਈ ਵਰਗੀਆਂ ਅਮਰੀਕਨ ਸੜਕਾਂ ’ਤੇ ਕਾਰਾਂ ਚਲਾਉਣ ਗਿੱਝੇ ਅਸੀਂ ਉਸ ਦਿਨ ਦਹੀਂ ਵਾਂਗ ਰਿੜਕ ਹੁੰਦੇ ਗਏ। ਮੇਰੀ ਪਤਨੀ ਪਿਛਲੀ ਸੀਟ ’ਤੇ ਸਿਰ੍ਹਾਣਾ ਪਿੱਠ ਪਿੱਛੇ ਨਹੀਂ ਬੈਠੀ ਸੀ। ਕਿਉਂਕਿ ਬਾਥਰੂਮ ਵਿਚ ਤਿਲਕਣ ਕਰਕੇ ਉਹਦੇ ਮੋਢੇ ’ਤੇ ਸੱਟ ਲੱਗੀ ਹੋਈ ਸੀ। ਉਹ ਦੁਖੀ ਹੁੰਦੀ ਬਾਦਲ ਸਰਕਾਰ ਨੂੰ ਬੁਰਾ-ਭਲਾ ਬੋਲ ਰਹੀ ਸੀ। ਉਸਦੇ ਗੁੱਸੇ ਦਾ ਪਾਰਾ ਹੋਰ ਉਤਾਂਹ ਚੜ੍ਹ ਗਿਆ, ਜਦ ਮੈਂ ਗੱਲ ਕਰ ਬੈਠਾ ਕਿ ਤਕਰੀਬਨ ਤਿੰਨ ਹਿੱਸੇ ਪੰਜਾਬ, ਹਰ ਵਿਸਾਖੀ ਜਾਂ ਹੋਲੇ ਮਹੱਲੇ ਮੌਕੇ ਇਸੇ ਸੜਕ ਰਾਹੀਂ ਹੀ ਸ੍ਰੀ ਅਨੰਦਪੁਰ ਸਾਹਿਬ ਪਹੁੰਚਦਾ ਹੈ। ਪਰ ’ਪੰਥਕ ਸਰਕਾਰ’ ਨੂੰ ਦਸਾਂ ਸਾਲਾਂ ਵਿਚ ਵੀ ਸ਼ਰਧਾਲੂਆਂ ਦੇ ਹੱਡ ਖੜਕਾਉਂਦੀ ਇਸ ਸੜਕ ਦੇ ਗੋਡੇ ਗੋਡੇ ਟੋਏ ਨਾ ਦਿੱਸੇ?

ਵਾਪਸੀ ਵੇਲੇ ਅਸੀਂ ਜਦ ਜਾਡਲੇ ਕੋਲੋਂ ਲੰਘੇ ਤਾਂ ਉਥੇ ਆਪਣੇ ਜਾਣੂਆਂ ਦੇ ਘਰੇ ਸ੍ਰੀ ਅਖੰਡ ਪਾਠ ਆਰੰਭ ਹੋਇਆ ਹੋਣ ਕਰਕੇ ਮੱਥਾ ਟੇਕਣ ਗਏ। ਉਥੇ ਮਿਲੇ ਇਕ ਸੂਰਮੇ ਸਿੰਘ ਨੇ ਸਾਨੂੰ ਸ਼ਰਮਿੰਦਾ ਹੀ ਕਰ ਦਿੱਤਾ।

ਸਾਡੇ ਮੂੰਹੋਂ ਅੱਜ ਦੀ ਯਾਤਰਾ ਦਾ ਬਿਰਤਾਂਤ ਸੁਣ ਕੇ ਉਹ ਕਹਿੰਦਾ- ’’ਜਥੇਦਾਰ ਜੀ, ਮੈਨੂੰ ਅੱਖਾਂ ਤੋਂ ਹੀਣ ਹੁੰਦਿਆਂ ਵੀ ਉਸ ਸੜਕ ਦੇ ਖੱਡਿਆਂ ਬਾਰੇ ਪਤਾ ਐ। ਫਿਰ ਤੁਸੀਂ ਸੁਜਾਖੇ ਹੁੰਦੇ ਹੋਏ ਵੀ ਉਸ ਰਾਹ ਕਿਉਂ ਗਏ?’’

## ਕਾਵਿ ਵਿਅੰਗ/ ਕਸ਼ਮੀਰ ਵਿਚ ਕਹਿਰ

ਕਹਿਰ ਵਰਤਿਆ ਵਿਚ ਕਸ਼ਮੀਰ ਜਿਹੜਾ
ਸੁਣ ਕੇ ਸਭਨਾਂ ਦਾ ਦਿਲ ਹੀ ਦੁੱਖਿਆ ਐ।

ਖੁਫੀਆ ਤੰਤਰ ਵੀ ਸੌਂ ਗਿਆ ਨੀਂਦ ਗੂੜ੍ਹੀ
ਸਿਰ ਸ਼ਰਮ ਦੇ ਨਾਲ ਹੀ ਝੁੱਕਿਆ ਐ।

’ਬਾਈ ਏਅਰ’ ਤੋਂ ਕਰਿਆ ਇਨਕਾਰ ਕਹਿੰਦੇ
ਬੱਸਾਂ ਵਿਚ ਜਵਾਨਾਂ ਨੂੰ ਚੁੱਕਿਆ ਐ।

ਪੁੱਤ ਜਿਨ੍ਹਾਂ ਦੇ ਆਉਣੇ ਨਾ ਫੇਰ ਮੁੜਕੇ
ਉਨ੍ਹਾਂ ਮਾਵਾਂ ਦਾ ਕਾਲਜਾ ਧੁਖਿਆ ਐ।

ਮਿਸ਼ਨ ਗੱਦੀ ਤੋਂ ਸ਼ੁਰੂ ਹੋ ਲੀਡਰਾਂ ਦਾ
ਸਮਝੋ ਵੋਟਾਂ ਦੀ ਭੁੱਖ ’ਤੇ ਮੁੱਕਿਆ ਐ।

ਲੱਤਾਂ ਕਬਰਾਂ ਦੇ ਵਿਚ ਨੇ ਜਿਨ੍ਹਾਂ ਦੀਆਂ
ਮਿਲੀ ਉਨ੍ਹਾਂ ਨੂੰ ਜ਼ੈੱਡ ਸੁਰੱਖਿਆ ਐ।

- ਤਰਲੋਚਨ ਸਿੰਘ ਦੁਪਾਲਪੁਰ
001-408-915-1268


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
ਅਦਾਰਾ ਦੇਸ਼ ਦੁਆਰਾ ਇਸ ਅਖਬਾਰ ਵਿਚ ਛਪੇ ਇਸ਼ਤਿਹਾਰਾਂ ‘ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ’ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।



# ਸੋਗ ਸਮਾਚਾਰ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਬਹੁਤ ਦੁੱਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਫਰਿਜ਼ਨੋ ਨਿਵਾਸੀ ਗੁਰਦੇਵ ਸਿੰਘ ਗਿੱਲ (62) ਪਿਛਲਾ ਪਿੰਡ ਵਰ੍ਹੇ ਜ਼ਿਲ੍ਹਾ ਮੋਗਾ ਪਿਛਲੇ ਦਿਨੀਂ ਫਰਿਜ਼ਨੋ ਵਿਖੇ ਅਕਾਲ ਚਲਾਣਾਂ ਕਰ ਗਏ । ਉਹਨਾਂ ਦੀ ਦੇਹ ਦਾ ਅੰਤਿਮ ਸੰਸਕਾਰ ਮਿੱਤੀ 23 ਫ਼ਰਵਰੀ ਦਿਨ ਸ਼ਨੀਵਾਰ ਸਵੇਰੇ 11 ਤੋਂ ਦੁਪਹਿਰ 1 ਵਜੇ ਦਰਮਿਆਨ ਸ਼ਾਂਤ ਭਵਨ ਫਿਊਨਰਲ ਹੋਮ ਫਰਿਜ਼ਨੋ ਵਿਖੇ ਹੋਵੇਗਾ ਉਪਰੰਤ ਅਰਦਾਸ ਗੁਰਦਵਾਰਾ ਗੁਰੂਨਾਨਕ ਪ੍ਰਕਾਸ਼ ਫਰਿਜਨੋ ਵਿਖੇ ਹੋਵੇਗੀ। ਵਧੇਰੇ ਜਾਣਕਾਰੀ ਜਾਂ ਦੁੱਖ ਸਾਂਝਾ ਕਰਨ ਲਈ ਸੰਪਰਕ ਨੰਬਰ (559) 453-0612 ਹੈ।

# ਉੱਘੇ ਸਾਹਿਤਕਾਰ ਦੇਵਿੰਦਰ ਦੀਦਾਰ ਵੱਲੋਂ ਸਕੂਲ ਨੂੰ ਪੁਸਤਕਾਂ ਦਾ ਸੈੱਟ ਭੇਟ ਕੀਤਾ



**ਬਟਾਲਾ ਨਰਿਦਰ ਬਰਨਾਲ)–** ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਭਾਗੋਵਾਲ ਵਿਖੇ ਸਾਦਾ ਪਰ ਪ੍ਰਭਾਵਸ਼ਾਲੀ ਪ੍ਰੋਗਰਾਮ ਕਰਵਾਇਆਂ ਗਿਆ। ਉਪਰੋਕਤ ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਦਵਿੰਦਰ ਸਿੰਘ ਕਾਹਲੋ ਨੇ ਦੱਸਿਆ ਕਿ ਬੀਤੇ ਦਿਨੀਂ ਸਕੂਲ ਵਿਖੇ ਕਰਵਾਏ ਗਏ ਪ੍ਰੋਗਰਾਮ ਵਿੱਚ ਪ੍ਰੋ ਸੁਰਿੰਦਰ ਸਿੰਘ ਕਾਹਲੋ, ਸ ਨਿਰਮਲ ਸਿੰਘ ਕਾਹਲੋ, ਸ ਨਰਿੰਦਰਪਾਲ ਸਿੰਘ ਕਾਹਲੋ, ਵੱਲੋਂ ਵਿਸ਼ੇਸ਼ ਰੂਪ ਵਿੱਚ ਸ਼ਿਰਕਤ ਕੀਤੀ ਗਈ। ਇਸ ਦੌਰਾਨ ਸਾਹਿਤਕਾਰ ਦੇਵਿੰਦਰ ਦੀਦਾਰ ਵੱਲੋਂ ਸਕੂਲ ਲਈ ਪੁਸਤਕਾਂ ਦਾ ਸੈਂਟ ਭੇਟ ਕੀਤਾ ਗਿਆ। ਇਸ ਦੌਰਾਨ ਪ੍ਰੋ : ਸੁਰਿੰਦਰ ਸਿੰਘ ਕਾਹਲੋ ਨੇ ਕਿਹਾ ਕਿ ਦੇਵਿੰਦਰ ਦੀਦਾਰ ਅਜਿਹਾ ਸਾਹਿਤਕਾਰ ਹੈ ਜਿਸ ਨੇ ਸਮੇ ਸਮੇ ਤੇ ਮਾਂ ਬੋਲੀ ਦੀ ਸੇਵਾ ਕਰਦੇ ਹੋਏ ਅਨੇਕਾਂ ਪੁਸਤਕਾਂ ਲਿਖ ਕੇ ਪੰਜਾਬੀ ਸਾਹਿਤਕਾਰਾਂ ਵਿੱਚ ਆਪਣੀ ਵੱਖਰੀ ਪਹਿਚਾਣ ਬਣਾਈ ਹੈ ਤੇ ਵੱਖ ਵੱਖ ਰਸਾਲਿਆਂ ਵਿੱਚ ਛਪੇ ਲੇਖ ਜਨਤਾ ਦਾ ਮਾਰਗ ਦਰਸ਼ਨ ਕਰਦੇ ਹਨ। ਇਸ ਮੌਕੇ ਸ ਨਿਰਮਲ ਸਿੰਘ ਕਾਹਲੋ ਵੱਲੋਂ ਸਾਹਿਤਕਾਰ ਦੇਵਿੰਦਰ ਦੀਦਾਰ ਦਾ ਸਕੂਲ ਦੀ ਲਾਇਬ੍ਰੇਰੀ ਨੂੰ ਆਪਣੀਆਂ ਨਵੀਂਆਂ ਤੇ ਪੁਰਾਣੀਆਂ ਪੁਸਤਕਾਂ ਦਾ ਸੈਂਟ ਦੇਣ ਲਈ ਧੰਨਵਾਦ ਕੀਤਾ। ਇਸ ਮੌਕੇ ਬਖਸ਼ਿੰਦਰ ਸਿੰਘ, ਸੁਖਚੈਨ ਸਿੰਘ, ਜਗਦੀਪ ਸਿੰਘ, ਮਨਪ੍ਰੀਤ ਸਿੰਘ ਸਮੇਤ ਸਮੂਹ ਸਟਾਫ਼ ਹਾਜ਼ਰ ਸੀ।


# Biryani Express

ਸੇਲ Sale ਸੇਲ

An Absolute Gold Mine Restaurant.

Very Steady Sales With Clientele.

In 1400 sqft, Located By In-N-Out Anchored Shopping Center,

Across From Costco.

Low Rent With Long Lease.

The Owner is Selling Due To Health Reasons

Indian/Pakistani Restaurant For Sale

Sale Price: $120,000

Contact: Pervaiz Bhatti

Phone: (209)324-8109

3900 Pelandale Ave., Modesto, CA


# 'ਪ੍ਰਦੇਸ਼ੀ ਲਾਈਵ 2019' ਦੇ ਪਹਿਲੇ ਸ਼ੋਅ ਨੇ ਸਟਾਕਟਨ ਸ਼ਹਿਰ ਵਿੱਚ ਜਿੱਤੇ ਪ੍ਰਦੇਸ਼ੀਆ ਦੇ ਦਿਲ

**ਫਰਿਜ਼ਨੋ, ਕੈਲੀਫੋਰਨੀਆ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਟੋਟਲ ਐਂਟਰਟੇਨਮੈਂਟ ਅਤੇ ਅਵਤਾਰ ਲਾਖਾ ਵਲੋਂ ਪਰਦੇਸੀ ਲਾਈਵ 2019 ਟੂਰ ਦਾ ਪਹਿਲਾ ਸ਼ੋਅ ਸਟਾਕਟਨ ਸ਼ਹਿਰ ਵਿੱਚ ਯੂਨੀਵਰਸਿਟੀ ਆਫ ਪੈਸੀਫਿਕ ਦੇ ਥੀਏਟਰ ਵਿੱਚ ਕਰਵਾਏ ਗਿਆ। ਇਸ ਨਿਰੋਲ ਸੱਭਿਆਚਾਰਕ ਸੰਗੀਤਕ ਸਮਾਗਮ ਵਿੱਚ ਅਮਰੀਕਾ ਦੇ ਸਥਾਨਿਕ ਗਾਇਕ ਕਲਾਕਾਰਾਂ ਨੇ ਤਿੰਨ ਘੰਟੇ ਤੋਂ ਵਧੀਕ ਸਰੋਤੇ ਕੀਲੀ ਰੱਖੇ। ਇਸ ਸਮੇਂ ਗਾਇਕਾ ਜੋਤ ਰਣਜੀਤ ਕੌਰ ਨੇ ਸਮਾਗਮ ਦੀ ਸ਼ੁਰੂਆਤ ਇੱਕ ਧਾਰਮਿਕ ਗੀਤ ਨਾਲ ਕੀਤੀ। ਇਸ ਉਪਰੰਤ ਹੋਰ ਬਹੁਤ ਸਾਰੇ ਗੀਤ ਸੁਣਾਏ। ਇਸ ਉਪਰੰਤ ਪੰਜਾਬੀ ਦੇ ਗੀਤਕਾਰ ਅਤੇ ਗਾਇਕ ਸੁਖਪਾਲ ਔਜਲਾ ਨੇ ਆਪਣੀ ਸ਼ਾਇਰੀ ਅਤੇ ਗਾਇਕੀ ਨਾਲ ਸਮਾਂ ਬੰਨਿਆ। ਜਦ ਕਿ ਮਹੌਲ ਨੂੰ ਖੁਸ਼ੀਵਾਲਾ ਅਤੇ ਹਸਾਉਣ ਵਾਲਾ ਬਣਾਉਣ ਲਈ ਕਾਮੇਡੀਅਨ ਵਿਜੇ ਸਿੰਘ ਨੇ ਆਪਣੀ ਕਮੇਡੀ ਕਲਾ ਰਾਹੀਂ ਦਰਸ਼ਕਾਂ ਨੂੰ ਹਸਾ-ਹਸਾ ਲੋਟਪੋਟ ਕਰ ਦਿੱਤਾ। ਜਦ ਕਿ ਫਰਿਜ਼ਨੋ ਤੋਂ ਐਕਟਰ ਅਤੇ ਗਾਇਕ ਬਾਈ ਸੁਰਜੀਤ ਮਾਛੀਵਾੜਾ ਦੇ ਸੱਤ ਸਾਲਾ ਬੇਟੇ ਅਮਨਦੀਪ ਨੇ 'ਮਾਹੀਆ' ਗਾ ਕੇ ਦਰਸ਼ਕਾਂ ਤੋਂ ਭਰਪੂਰ ਦਾਦ ਖੱਟੀ। ਇਸ ਪ੍ਰੋਗਰਾਮ ਦੇ ਅੰਤ ਵਿੱਚ ਉੱਘੇ ਗੀਤਕਾਰ ਅਤੇ ਗਾਇਕ ਧਰਮਵੀਰ ਥਾਂਦੀ ਨੇ ਆਪਣੇ ਬਹੁਤ ਹੀ ਭਾਵਪੂਰਤ ਅਤੇ ਜਜ਼ਬਾਤੀ ਗੀਤਾਂ ਰਾਹੀਂ ਪ੍ਰਦੇਸ਼ਾਂ ਵਿੱਚ ਬੈਠੇ ਦੇਸ਼ ਨੂੰ ਯਾਦ ਕਰ ਰਹੇ ਦਰਸ਼ਕਾਂ ਦੇ ਮਨ ਮੋਹ ਲਏ। ਜਿਸ ਦੌਰਾਨ ਸਮਾਜਿਕ ਰਿਸ਼ਤਿਆਂ ਦੀ ਬਾਤ ਪਾਉਂਦੀ ਥਾਂਦੀ ਦੀ ਸ਼ਾਇਰੀ ਸਰੋਤਿਆਂ ਦੀਆਂ ਅੱਖਾਂ ਨਮ ਕਰ ਗਈ। ਪ੍ਰੋਗਰਾਮ ਦੀ ਸਮਾਪਤੀ 'ਤੇ 'ਟੋਟਲ ਐਂਟਰਟੇਨਮੈਂਟ' ਦੇ ਮੁੱਖ ਪ੍ਰਬੰਧਕ ਅਵਤਾਰ ਲਾਖਾ ਨੇ ਸਮਾਜ ਸੇਵੀ ਸੰਸਥਾ'ਸਹਾਇਤਾ''ਨੂੰ ਇੱਕ ਯਾਦਗਾਰੀ ਚਿੰਨ ਦੇ ਕੇ ਸਨਮਾਨਿਤ ਕੀਤਾ। ਇਸਤੋਂ ਇਲਾਵਾ ਹੋਮਲੈੱਸ ਸ਼ੈਲਟਰ ਸਟਾਕਟਨ ਵਿੱਚ ਪਿਛਲੇ ਚਾਰ ਸਾਲ ਤੋਂ ਲੋੜਵੰਦਾਂ ਲਈ ਲੰਗਰ ਦੀ ਸੇਵਾ ਕਰਦੇ ਆ ਰਹੇ ਰਾਜਿੰਦਰ ਸਿੰਘ ਟਾਂਡਾ ਨੂੰ ਰਾਜਿੰਦਰ ਸਿੰਘ ਸੇਖੋਂ ਨੇ ਇੱਕ ਪਲੇਕ ਦੇ ਕੇ ਸਨਮਾਨਿਤ ਕੀਤਾ। ਸਟੇਜ਼ ਸੰਚਾਲਨ ਜਸਵੰਤ ਸਿੰਘ ਸ਼ਾਦ ਨੇ ਹਮੇਸਾ ਵਾਂਗ ਬਾਖੂਬੀ ਨਿਭਾਇਆ। ਜਦ ਸਹਿਯੋਗੀ ਪਤਵੰਤੇ ਸੱਜਣਾਂ ਵਿੱਚ ਹਰਪਾਲ ਸਿੰਘ, ਗੁਰਪਿਆਰ ਸਿੰਘ ਸਿੱਧੂ, ਜਤਿੰਦਰ ਰਾਜੂ, ਭੁਪਿੰਦਰ ਸਿੰਘ ਸੰਧੂ, ਵਿਜੇ ਵਿਜ, ਜਸਵਿੰਦਰ ਸੰਧੂ, ਗੁੱਲੂ ਬਰਾੜ, ਜਸਵੰਤ ਮਹਿਮੀ, ਗੁਰੀ ਕੰਗ, ਇੰਦਰਜੀਤ ਕੈਲੀਰਾਏ, ਸੈਮ ਸੰਧੂ, ਜੱਸ ਔਲਖ, ਜਗਮੀਤ ਜੋਸਨ, ਦਿਲ ਨਿੱਝਰ, ਇੰਦਰਜੀਤ ਗਰੇਵਾਲ, ਗੋਗੀ ਸੰਧੂ, ਕਮਲ ਬੰਗਾ, ਤੀਰਥ ਸੋਹਲ, ਹਰਦੀਪ ਭਲਵਾਨ, ਸਰੂਪ ਸਿੰਘ ਝੱਜ, ਸੁੱਖੀ ਧਾਲੀਵਾਲ ਅਤੇ ਮਨਦੀਪ ਅਟਵਾਲ ਆਦਿਕ ਪਹੁੰਚੇ ਹੋਏ ਸਨ। ਅੰਤ ਆਆਪਣੀਆਂ ਅਮਿੱਟ ਪੈੜਾ ਛੱਡਦਾ ਹਿਇਆ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ।



# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 642ਵਾਂ ਗੁਰਪੁਰਬ ਮਨਾਇਆ

**(ਸਫਾ 1 ਦੀ ਬਾਕੀ**

ਇਸ ਸਮਾਗਮ ਦੀ ਸੇਵਾ ਸ੍ਰੀ ਦਲਵਿੰਦਰ ਰੱਲ੍ਹ (ਪ੍ਰਧਾਨ ਗੁਰੂ ਘਰ), ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ (ਜਨਰਲ ਸਕੱਤਰ), ਸ੍ਰੀ ਪ੍ਰਸ਼ੋਤਮ ਸੂਦ (ਚੇਅਰਮੈਨ), ਸ੍ਰੀ ਰਾਮ ਸੇਵਕ ਭਾਟੀਆ (ਹੈਡ ਕੈਸ਼ੀਅਰ), ਸ੍ਰੀ ਜਸਪਾਲ ਜੱਸਲ (ਵਾਈਸ ਕੈਸ਼ੀਅਰ), ਸ੍ਰੀ ਰਜੇਸ਼ ਲਾਲੀ (ਵਾਈਸ ਚੇਅਰਮੈਨ), ਸ੍ਰੀ ਵਿਜੈ ਕੁਮਾਰ ਸਰੋਆ (ਟਰੱਸਟੀ ਮੈਂਬਰ), ਸ੍ਰੀ ਪਾਲ ਸ਼ੀਮਾਰ ਆਦਿ ਪਰਿਵਾਰਾਂ ਵੱਲੋਂ ਕੀਤੀ ਗਈ। ਸਟੇਜ ਸੈਕਟਰੀ ਦੀ ਸੇਵਾ ਸ੍ਰੀ ਰਾਮ ਸੇਵਕ ਭਾਟੀਆ ਨੇ ਨਿਭਾਈ।

ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਇਸ ਸਮਾਗਮ ਵਿਚ ਬਹੁਤ ਵੱਡੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀ ਲਗਵਾਈ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਦਲਵਿੰਦਰ ਰੱਲ੍ਹ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

***

# ਸਿੱਖ ਸੈਂਟਰ ਆਫ਼ ਸੈਨਫ੍ਰਾਂਸਿਸਕੋ ਬੇ ਏਰੀਆ ਐਲਸਬਰਾਂਟੇ ਦੀ ਪ੍ਰਬੰਧਕ ਕਮੇਟੀ ਵੱਲੋਂ ਸਾਹਿਤਕਾਰ ਚਰਨਜੀਤ ਸਿੰਘ ਪੰਨੂ ਦਾ ਸਨਮਾਨ

**ਐਲਸਬਰਾਂਟੇ (ਬਿਊਰੋ)–** 'ਸਿੱਖਾਂ ਦਾ ਬਹੁਤ ਸਾਰਾ ਧਰਮ, ਇਤਿਹਾਸ ਤੇ ਵਿਰਸਾ ਪਾਕਿਸਤਾਨ ਅੰਦਰ ਰਹਿ ਗਿਆ। 1947 ਦੇ ਉਜਾੜੇ ਵੇਲੇ ਸਾਡੇ ਆਗੂ ਰੂਹਾਂ ਪਿੱਛੇ ਛੱਡ ਕੇ ਖਾਲੀ ਲੋਥਾਂ ਲੈ ਕੇ ਵਾਹਗਾ ਲਕੀਰ ਟੱਪ ਆਏ। ਹੁਣ ਉਨ੍ਹਾਂ ਧਾਰਮਿਕ ਸਥਾਨਾਂ ਦੇ ਦਰਸ ਦੀਦਾਰ ਵਾਸਤੇ ਤਰਸਦੇ ਸਿੱਖ ਹਰ ਵੇਲੇ ਅਰਦਾਸਾਂ ਕਰਦੇ ਹਨ।' ਪੰਜਾਬੀ ਦੇ ਪ੍ਰਸਿੱਧ ਸਾਹਿੱਤਕਾਰ ਚਰਨਜੀਤ ਸਿੰਘ



ਪੰਨੂ ਨੇ ਐਲਸਬਰਾਂਟੇ ਗੁਰਦੁਆਰੇ ਦੀਆਂ ਸੰਗਤਾਂ ਦੇ ਰੂਬਰੂ ਹੁੰਦੇ ਆਪਣੀ ਬਾਈਵੀਂ ਪੁਸਤਕ ਪਾਕਿਸਤਾਨ ਸਫ਼ਰਨਾਮਾ 'ਮਿੱਟੀ ਦੀ ਮਹਿਕ' ਜੋ ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਪੰਜਾਹਵੇਂ ਪ੍ਰਕਾਸ਼ ਸਮਾਗਮਾਂ ਨੂੰ ਸਮਰਪਿਤ ਕੀਤੀ ਗਈ ਹੈ, ਬਾਰੇ ਵਿਸਥਾਰਤ ਜਾਣਕਾਰੀ ਦਿੱਤੀ।

ਉਨ੍ਹਾਂ ਸਿੱਖ ਸੈਂਟਰ ਆਫ਼ ਸੈਨਫ੍ਰਾਂਸਿਸਕੋ ਬੇ ਏਰੀਆ ਦੀ ਪ੍ਰਬੰਧਕ ਕਮੇਟੀ ਦਾ ਧੰਨਵਾਦ ਕੀਤਾ ਜਿਸ ਨੇ ਪਾਕਿਸਤਾਨ ਸਫ਼ਰਨਾਮਾ ਵਾਸਤੇ ਵਿਸ਼ੇਸ਼ ਦਿਲਚਸਪੀ ਦਿਖਾਈ ਤੇ ਲੇਖਕ ਨੂੰ ਸੰਗਤਾਂ ਦੇ ਸਨਮੁਖ ਹੋਣ ਦਾ ਅਵਸਰ ਦਿੱਤਾ। ਉਨ੍ਹਾਂ ਦੱਸਿਆ ਕਿ 1969 ਵਿਚ ਪਹਿਲੀ ਕਾਵਿ ਪੁਸਤਕ ਨਾਨਕ ਰਿਸ਼ਮਾਂ ਗੁਰੂ ਨਾਨਕ ਦੇ ਪੰਜ ਸੌਵੇਂ ਪ੍ਰਕਾਸ਼ ਉਤਸਵ ਨੂੰ ਸਮਰਪਿਤ ਕੀਤੀ ਸੀ ਤੇ ਇਨ੍ਹਾਂ ਪੰਜਾਹ ਸਾਲਾਂ ਵਿਚ ਗੁਰੂ ਨਾਨਕ ਦੀ ਮਿਹਰ ਸਦਕਾ ਉਹ ਬਾਈ ਪੁਸਤਕਾਂ ਪੰਜਾਬੀ ਬੋਲੀ ਨੂੰ ਦੇ ਸਕਿਆ ਹੈ। ਉਨ੍ਹਾਂ ਬੜੀ ਬਰੀਕੀ ਨਾਲ ਸਕਰੀਨ ਉੱਤੇ ਪੁਸਤਕ 'ਮਿੱਟੀ ਦੀ ਮਹਿਕ' ਵਿਚਲੀਆਂ ਦੁਰਲਭ ਫ਼ੋਟੋਆਂ ਦਾ ਦਿਖਾਵਾ ਕੀਤਾ ਤੇ ਨਾਲ ਨਾਲ ਇਨ੍ਹਾਂ ਬਾਰੇ ਵਿਸਥਾਰਤ ਜਾਣਕਾਰੀ ਸਾਂਝੀ ਕੀਤੀ। ਬਾਬੇ ਨਾਨਕ ਦੀ ਜਨਮ ਭੌਂ, ਗੁਰੂ ਰਾਮ ਦਾਸ ਦਾ ਜਨਮ ਸਥਾਨ, ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਸਥਾਨ, ਬੰਦ ਬੰਦ ਕੱਟੇ ਜਾ ਰਹੇ, ਖੋਪਰੀ ਲੁਹਾਉਂਦੇ ਸੂਰਮੇ ਅਤੇ ਆਪਣੇ ਜਿਗਰ ਦੇ ਟੋਟਿਆਂ ਨੂੰ ਟੋਟੇ ਟੋਟੇ ਕਰਵਾ ਕੇ ਝੋਲੀ ਵਿਚ ਪੁਆਉਂਦੀਆਂ ਪੰਜਾਬਣ ਸਿੱਖ ਮਾਵਾਂ ਤੋਂ ਉਪਰੰਤ ਸਾਡੇ ਅਮਰ ਸ਼ਹੀਦ ਭਗਤ ਸਿੰਘ ਦਾ ਜਨਮ ਸਥਾਨ, ਕਰਮ ਖੇਤਰ ਅਤੇ ਫਾਂਸੀ ਸਥਾਨ ਵੀ ਤਾਂ ਪਾਕਿਸਤਾਨ ਵਿਚ ਹੀ ਹਨ।

ਇਸ ਪੁਸਤਕ ਵਿਚ ਪਾਕਿਸਤਾਨ ਵਿਚ ਰਹਿ ਗਏ ਸਥਾਨਾਂ ਦੀ ਸੰਗੀਤਮਈ ਜਾਂ ਵੈਰਾਗ ਭਰੀ ਦਾਸਤਾਨ ਹੈ। ਨਨਕਾਣਾ ਸਾਹਿਬ, ਪੰਜਾ ਸਾਹਿਬ, ਕਰਤਾਰਪੁਰ, ਲਾਹੌਰ ਤੇ ਹੋਰ ਸਿੱਖ ਗੁਰਧਾਮਾਂ ਤੋਂ ਉਪਰੰਤ ਕਟਾਸ ਰਾਜ, ਨਿਰੰਕਾਰੀ ਬੁਨਿਆਦ, ਸ਼ਾਹੀ ਮਸਜਿਦ ਤੇ ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸਨ ਕਾਲ ਦੇ ਦਰਸ਼ਨ ਹੁੰਦੇ ਹਨ। ਦਾਤਾ ਅਲੀ ਹਜਵੇਰੀ, ਛੱਜੂ ਭਗਤ, ਬੁੱਧੂ ਦਾ ਆਵਾ, ਦੁੱਲਾ ਭੱਟੀ, ਜੋਗੀ ਟਿੱਲਾ, ਮਾਤਾ ਸਾਹਿਬ ਕੌਰ, ਬੀਬੀ ਕੌਲਾਂ, ਮਹਾਰਾਣੀ ਜਿੰਦਾਂ ਤੇ ਹੋਰ ਵੱਧ ਤੋਂ ਵੱਧ ਜਾਣਕਾਰੀ ਇਕੱਤਰ ਕਰ ਕੇ ਪਾਠਕਾਂ ਦੇ ਸਨਮੁੱਖ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਹ ਪੁਸਤਕ ਹਰੇਕ ਮਾਈ ਭਾਈ ਜੋ ਪਾਕਿਸਤਾਨ ਬਾਰੇ ਜਾਣਨਾ ਚਾਹੁੰਦਾ ਹੈ ਜਾਂ ਜਾਣਾ ਚਾਹੁੰਦਾ ਹੈ, ਵਾਸਤੇ ਗਾਈਡ ਸਾਬਤ ਹੋਵੇਗੀ।

ਭਾਈ ਜਸਬੀਰ ਸਿੰਘ, ਕੁਲਵਿੰਦਰ ਸਿੰਘ, ਗੁਰੂ ਘਰ ਦੇ ਪ੍ਰਧਾਨ ਜਗਰੂਪ ਸਿੰਘ, ਤਾਨੀਸ਼ਾ ਕੌਰ ਸੰਧੂ ਜਨਰਲ ਸਕੱਤਰ, ਚਰਨਜੀਤ ਸਿੰਘ ਸਮਰਾ ਖ਼ਜ਼ਾਨਚੀ, ਲਖਵਿੰਦਰ ਸਿੰਘ ਪੰਨੂ, ਬਲਜਿੰਦਰ ਸਿੰਘ ਪੰਨੂ, ਜਥੇਦਾਰ ਸਰਵਣ ਸਿੰਘ ਨਿਹੰਗ ਤੇ ਹੋਰ ਮੈਂਬਰਾਂ ਨੇ ਚਰਨਜੀਤ ਸਿੰਘ ਪੰਨੂ ਦਾ ਸਨਮਾਨ ਕੀਤਾ। ਉਨ੍ਹਾਂ ਪੰਨੂ ਸਾਹਿਬ ਦਾ ਧੰਨਵਾਦ ਕਰਦੇ ਕਿਹਾ ਕਿ ਸਾਨੂੰ ਇਨ੍ਹਾਂ ਦੀ ਪੇਸ਼ਕਾਰੀ ਤੋਂ ਪਾਕਿਸਤਾਨ ਵਿਚਲੇ ਵਿੱਛੜੇ ਗੁਰਧਾਮਾਂ ਅਤੇ ਇਤਿਹਾਸਕ ਮੁੱਲ ਵਾਲੀਆਂ ਜਗ੍ਹਾਵਾਂ ਦੇ ਹੂਬਹੂ ਦਰਸ਼ਨ ਹੋ ਗਏ ਹਨ।

ਪੁਸਤਕ ਪ੍ਰਾਪਤੀ ਵਾਸਤੇ ਦੇਸ਼ ਪੰਜ ਸੌ ਰੂਪੈ ਅਤੇ ਵਿਦੇਸ਼ ਵੀਹ ਡਾਲਰ +91 98720 07176 ਅਤੇ +14086084961 ਫ਼ੋਨ ਤੇ ਸੰਪਰਕ ਕੀਤਾ ਜਾ ਸਕਦਾ ਹੈ। ਦੋ ਸੌ ਪੁਸਤਕਾਂ ਮੁਫ਼ਤ ਦਿੱਤੀਆਂ ਜਾਣੀਆਂ ਹਨ ਜੋ ਭਾਰਤ ਅਤੇ ਪਾਕਿਸਤਾਨ ਦੇ ਲੋੜਵੰਦ ਪਾਠਕਾਂ ਵਾਸਤੇ ਰਾਖਵੀਂਆਂ ਹਨ। ਸਟੇਜ ਸਕੱਤਰ ਤਨੀਸ਼ਾ ਕੌਰ ਸੰਧੂ ਨੇ ਬਹੁਤ ਪਿਆਰੀ ਮਿੱਠੀ ਆਵਾਜ਼ ਵਿਚ ਪੇਸ਼ਾਵਰ ਮੁਹਾਰਤ ਨਾਲ ਸਪੀਕਰ ਤੇ ਸਰੋਤਿਆਂ ਵਿਚਕਾਰ ਤਾਲਮੇਲ ਰੱਖਦੇ ਸਟੇਜ ਸੇਵਾ ਨਿਭਾਈ।

# ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਾਮਲੇ 'ਚ ਉਮਰਾਨੰਗਲ ਦਾ ਚਾਰ ਦਿਨਾ ਪੁਲਿਸ ਰਿਮਾਂਡ

**ਫ਼ਰੀਦਕੋਟ–** ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਗਰੋਂ ਕੋਟਕਪੂਰਾ ਦੇ ਚੌਂਕ ਵਿੱਚ ਸ਼ਾਂਤੀਪੂਰਵਕ ਰੋਸ ਧਰਨੇ 'ਤੇ ਬੈਠੀਆਂ ਸਿੱਖ ਸੰਗਤਾਂ ਉੱਪਰ ਗੋਲੀਆਂ ਚਲਾਉਣ ਦੇ ਦੋਸ਼ਾਂ 'ਚ ਗ੍ਰਿਫ਼ਤਾਰ ਆਈਜੀ ਪਰਮਰਾਜ ਸਿੰਘ ਉਮਰਾਨੰਗਲ ਨੂੰ ਅੱਜ ਇੱਥੇ ਇਲਾਕਾ ਮੈਜਿਸਟਰੇਟ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਵਿਸ਼ੇਸ਼ ਜਾਂਚ ਟੀਮ ਨੇ ਉਮਰਾਨੰਗਲ ਉੱਪਰ ਗੰਭੀਰ ਦੋਸ਼ ਲਾਉਂਦਿਆਂ ਪੁੱਛਗਿੱਛ ਲਈ ਦਸ ਦਿਨਾਂ ਦੇ ਪੁਲੀਸ ਰਿਮਾਂਡ ਦੀ ਮੰਗ ਕੀਤੀ ਸੀ। ਦੋ ਘੰਟੇ ਦੀ ਬਹਿਸ ਮਗਰੋਂ ਅਦਾਲਤ ਨੇ ਆਈਜੀ ਉਮਰਾਨੰਗਲ ਨੂੰ ਚਾਰ ਦਿਨ ਦੇ ਪੁਲੀਸ ਰਿਮਾਂਡ 'ਤੇ ਭੇਜ ਦਿੱਤਾ।

ਪੁਲੀਸ ਰਿਮਾਂਡ ਦੀ ਅਰਜ਼ੀ 'ਤੇ ਬਹਿਸ ਕਰਦਿਆਂ ਵਿਸ਼ੇਸ਼ ਜਾਂਚ ਟੀਮ ਅਤੇ ਸਰਕਾਰੀ ਪੱਖ ਦੇ ਵਕੀਲਾਂ ਨੇ ਕਿਹਾ ਕਿ ਉਮਰਾਨੰਗਲ ਨੇ ਮੁੱਢਲੀ ਪੜਤਾਲ ਦੌਰਾਨ ਮੰਨਿਆ ਹੈ ਕਿ ਉਸ ਨੂੰ ਗੋਲੀ ਚਲਾਉਣ ਦੇ ਹੁਕਮ ਡੀਜੀਪੀ ਵੱਲੋਂ ਦਿੱਤੇ ਗਏ ਸਨ। ਪੁਲੀਸ ਅਧਿਕਾਰੀਆਂ ਨੇ ਅਦਾਲਤ ਨੂੰ ਦੱਸਿਆ ਕਿ ਉਹ ਇਸ ਤੱਥ ਦੀ ਪੜਤਾਲ ਕਰ ਰਹੇ ਹਨ ਕਿ ਡੀਜੀਪੀ ਨੇ ਕਿਹੜੇ ਹਾਲਾਤ ਵਿੱਚ ਆਈਜੀ ਨੂੰ ਗੋਲੀ ਚਲਾਉਣ ਦੇ ਨਿਰਦੇਸ਼ ਦਿੱਤੇ ਜਦੋਂ ਕਿ ਕੋਟਕਪੂਰਾ ਵਿੱਚ ਮਾਹੌਲ ਪੂਰੀ ਤਰ੍ਹਾਂ ਸ਼ਾਂਤੀਪੂਰਨ ਸੀ। ਪੁਲੀਸ ਨੇ ਦਾਅਵਾ ਕੀਤਾ ਕਿ ਕੋਟਕਪੂਰਾ ਗੋਲੀਕਾਂਡ ਵਿੱਚ ਸਾਬਕਾ ਡੀਜੀਪੀ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ। ਕਿਉਂਕਿ ਕੋਟਕਪੂਰਾ ਵਿੱਚ ਬਿਨਾਂ ਕਿਸੇ ਕਾਰਨ ਤੋਂ ਗੋਲੀਆਂ ਚਲਾ ਕੇ ਦਰਜਨਾਂ ਲੋਕਾਂ ਨੂੰ ਜ਼ਖ਼ਮੀ ਕੀਤਾ ਗਿਆ ਸੀ। ਸਰਕਾਰ ਨੇ ਅਦਾਲਤ ਵਿੱਚ ਦਾਅਵਾ ਕੀਤਾ ਕਿ ਅਸਲ ਦੋਸ਼ੀਆਂ ਤੱਕ ਪਹੁੰਚਣ ਲਈ 2018 ਵਿੱਚ ਇਰਾਦਾ ਕਤਲ ਅਤੇ ਅਸਲੇ ਦੀ ਨਜਾਇਜ਼ ਵਰਤੋਂ ਦਾ ਪਰਚਾ ਦਰਜ ਕੀਤਾ ਗਿਆ ਸੀ ਅਤੇ ਇਸ ਪਰਚੇ ਦੀ ਪੜਤਾਲ ਤੋਂ ਬਾਅਦ ਹੀ ਉਮਰਾਨੰਗਲ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।



ਹਾਲਾਂਕਿ ਉਮਰਾਨੰਗਲ ਦੇ ਵਕੀਲਾਂ ਨੇ ਬਹਿਸ ਦੌਰਾਨ ਦਾਅਵਾ ਕੀਤਾ ਕਿ ਘਟਨਾ ਤੋਂ ਤਿੰਨ ਸਾਲ ਬਾਅਦ ਪਰਚਾ ਦਰਜ ਕੀਤਾ ਗਿਆ ਹੈ ਅਤੇ ਉਸ ਪਰਚੇ ਵਿੱਚ ਉਮਰਾਨੰਗਲ ਦਾ ਨਾਮ ਤੱਕ ਸ਼ਾਮਿਲ ਨਹੀਂ। ਉਨ੍ਹਾਂ ਦਾਅਵਾ ਕੀਤਾ ਕਿ ਸਿੱਖ ਸੰਗਤਾਂ ਨੂੰ ਖੁਸ਼ ਕਰਨ ਲਈ ਉਮਰਾਨੰਗਲ ਨੂੰ ਬਲੀ ਦਾ ਬੱਕਰਾ ਬਣਾਇਆ ਗਿਆ ਹੈ ਅਤੇ ਚੋਣਾਂ ਸਿਰ 'ਤੇ ਹੋਣ ਕਾਰਨ ਉਸ ਨੂੰ ਇਸ ਮਾਮਲੇ ਵਿੱਚ ਝੂਠਾ ਫਸਾਇਆ ਗਿਆ ਹੈ ਤਾਂ ਜੋ ਸਮੁੱਚੇ ਹਾਲਾਤ ਦਾ ਸਿਆਸੀ ਲਾਹਾ ਲਿਆ ਜਾ ਸਕੇ। ਇਸ ਤੋਂ ਪਹਿਲਾਂ ਉਮਰਾਨੰਗਲ ਨੂੰ ਅਦਾਲਤ ਵਿੱਚ ਪੇਸ਼ ਕਰਨ ਤੋਂ ਪਹਿਲਾਂ ਉਸ ਦਾ ਮੈਡੀਕਲ ਮੁਆਇਨਾ ਕਰਵਾਇਆ ਗਿਆ। ਉਮਰਾਨੰਗਲ ਤੋਂ ਅੰਮ੍ਰਿਤਸਰ ਦੇ ਇੰਟੈਰੋਗੇਸ਼ਨ ਸੈਂਟਰ ਵਿੱਚ ਪੁੱਛ ਪੜਤਾਲ ਕੀਤੀ ਜਾਵੇਗੀ।

## ਸੈਕਰਾਮੈਂਟੋ ਵਿਚ 'ਸਿੱਖ ਪ੍ਰਾਜੈਕਟ' ਦੇ ਨਾਂ ਹੇਠ ਪ੍ਰਦਰਸ਼ਨੀ ਲੱਗੀ




**ਸੈਕਰਾਮੈਂਟੋ , ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਸੈਕਰਾਮੈਂਟੋ ਦੇ ਕੈਲੀਫੋਰਨੀਆ ਮਿਊਜ਼ੀਅਮ ਵਿਚ 'ਸਿੱਖ ਪ੍ਰਾਜੈਕਟ' ਦੇ ਨਾਂ ਹੇਠ ਪ੍ਰਦਰਸ਼ਨੀ ਲਾਈ ਗਈ ਹੈ ਜੋ 10 ਮਾਰਚ ਤੱਕ ਚੱਲੇਗੀ। ਸਿੱਖ ਕੁਲੀਸ਼ਨ ਦੀ ਭਾਈਵਾਲੀ ਨਾਲ ਲਾਈ ਇਸ ਪ੍ਰਦਰਸ਼ਨੀ ਵਿਚ ਕੋਨੈਕਟੀਕਟ ਦੀ ਵਸਨੀਕ ਦਸਤਾਰਧਾਰੀ ਨਰਸ ਇਸ਼ਪ੍ਰੀਤ ਕੌਰ, ਮੈਰੀਲੈਂਡ ਰਹਿੰਦੀ ਦਸਤਾਵੇਜ਼ੀ ਫਿਲਮ ਨਿਰਮਾਤਾ ਹਰਪ੍ਰੀਤ ਕੌਰ ਜੋ ਵਾਸ਼ਿੰਗਟਨ ਵਿਚ ਪਹਿਲੀ ਸਿੱਖ ਰਿਪੋਰਟਰ ਹੈ ਤੇ ਨਿਊਜਰਸੀ ਦੇ ਔਜਾਰ ਨਿਰਮਾਤਾ ਰਘੂਵਿੰਦਰ ਸਿੰਘ ਜਿਨਾਂ ਦੇ ਪਿਤਾ ਓਕ ਗਰੀਕ ਗੁਰੂ ਘਰ ਵਿਸਕੋਨਸਨ ਵਿਚ 2012 'ਚ ਸਮਾਜ ਵਿਰੋਧੀ ਅਨਸਰਾਂ ਵੱਲੋਂ ਚਲਾਈ ਗੋਲੀ ਦੌਰਾਨ ਜ਼ਖਮੀ ਹੋਣ ਉਪਰੰਤ ਅਧਰੰਗ ਤੋਂ ਪੀੜਤ ਹਨ, ਉਨਾਂ ਸਿੱਖ ਸਖਸ਼ੀਅਤਾਂ ਵਿਚ ਸ਼ਾਮਿਲ ਹਨ ਜਿਨਾਂ ਦਾ ਇਸ ਪ੍ਰਦਰਸ਼ਨੀ ਵਿਚ ਜ਼ਿਕਰ ਕੀਤਾ ਗਿਆ ਹੈ। ਪ੍ਰਦਰਸ਼ਨੀ ਦੇ ਆਯੋਜਕਾਂ ਦਾ ਕਹਿਣਾ ਹੈ ਕਿ ਸਾਡਾ ਉਦੇਸ਼ ਸਿੱਖ ਧਰਮ ਬਾਰੇ ਜਾਗਰੂਕਤਾ ਪੈਦਾ ਕਰਨਾ ਹੈ।

## ਸ਼੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਵਿਖੇ ਸ਼੍ਰੀ ਗੁਰੂ ਰਵਿਦਾਸ ਜੀ ਦੇ 642ਵੇ ਪ੍ਰਕਾਸ਼ ਪੁਰਬ ਅਤੇ 19ਵੇ ਮਹਾਨ ਨਗਰ ਕੀਰਤਨ ਨੂੰ ਸਮਰਪਿਤ ਆਖੰਡ ਪਾਠਾਂ ਦੀ ਲੜੀ ਦਾ ਵੇਰਵਾ

ਸ਼੍ਰੀ ਆਖੰਡ ਪਾਠ ਸਾਹਿਬਾਂ ਦੀ ਲੜੀ ਵਿੱਚ 9ਵਾਂ ਸ਼੍ਰੀ ਅਖੰਡ ਪਾਠ ਸਾਹਿਬ ਜਿਨ੍ਹਾਂ ਦੀ ਸੇਵਾ ਸ਼੍ਰੀ ਕਰਨੈਲ ਵਿਰਕ , ਬੀਬੀ ਜਸਵਿੰਦਰ ਕੌਰ ਵਿਰਕ ਅਤੇ ਸਮੂੰਹ ਵਿਰਕ , ਚੌਹਾਨ ਅਤੇ ਦੁੱਗਲ ਪਰਿਵਾਰ ਵਲੋਂ ਹੋਈ। ਫਰਵਰੀ 15, ਸ਼ੁੱਕਰਵਾਰ ਨੂੰ ਸ਼ੁਰੂ ਹੋਏ ਪਾਠਾਂ ਦੇ ਭੋਗ ਐਤਵਾਰ, 17 ਫਰਵਰੀ ਨੂੰ ਸਵੇਰ ਦੇ ਦਿਵਾਨਾ ਵਿਖੇ ਪਾਏ ਗਏ। ਗੁਰੂਘਰ ਦੇ ਹਜ਼ੂਰੀ ਰਾਗੀ ਜੱਥੇ ਨੇ ਕੀਰਤਨ ਨਾਲ ਅਤੇ ਢਾਡੀ ਭਾਈ ਸਰਬਜੀਤ ਸਿੰਘ ਜੀ ਦੇ ਜੱਥੇ ਨੇ ਸੰਗਤਾਂ ਨੂੰ ਢਾਡੀ ਪ੍ਰਸੰਗਾਂ ਦੁਆਰਾ ਨਾਲ ਨਿਹਾਲ ਕੀਤਾ। ਸ਼੍ਰੀ ਕਰਨੈਲ ਵਿਰਕ ਅਤੇ ਬੀਬੀ ਜਸਵਿੰਦਰ ਕੌਰ ਵਿਰਕ ਨੂੰ ਗੁਰੂਘਰ ਵਲੋਂ ਸਿਰੋਪਾਓ ਸਾਹਿਬ ਬਖਸ਼ਿਸ਼ ਕੀਤੇ ਗਏ।

19 ਫਰਵਰੀ ਨੂੰ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਮੌਕੇ ਸ਼੍ਰੀ ਆਖੰਡ ਪਾਠ ਸਾਹਿਬਾਂ ਦੀ ਲੜੀ ਵਿੱਚ 10ਵੇ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਜਿਨ੍ਹਾਂ ਦੀ ਸੇਵਾ ਸ਼੍ਰੀ ਭਗਵੰਤ ਜੱਸਲ, ਬੀਬੀ ਕੁਸਮਲਤਾ ਜੱਸਲ ਅਤੇ ਸ਼੍ਰੀ ਮੇਵਾ ਸਿੰਘ ਜਾਗਰ, ਬੀਬੀ ਜਸਵੰਤ ਕੌਰ ਜਾਗਰ ਵਲੋਂ ਹੋਈ। ਫਰਵਰੀ 17, ਐਤਵਾਰ ਨੂੰ ਸ਼ੁਰੂ ਹੋਏ ਪਾਠਾਂ ਦੇ ਭੋਗ ਮੰਗਲਵਾਰ, 19 ਫਰਵਰੀ ਨੂੰ ਸਵੇਰ ਦੇ ਦਿਵਾਨਾ ਵਿਖੇ ਪਾਏ ਗਏ। ਗੁਰੂਘਰ ਦੇ ਹਜ਼ੂਰੀ ਰਾਗੀ ਜੱਥੇ ਨੇ ਸੰਗਤਾਂ ਨੂੰ ਕੀਰਤਨ ਦੁਆਰਾ ਨਾਲ ਨਿਹਾਲ ਕੀਤਾ। ਸ਼੍ਰੀ ਭਗਵੰਤ ਜੱਸਲ, ਬੀਬੀ ਕੁਸਮਲਤਾ ਜੱਸਲ ਅਤੇ ਸ਼੍ਰੀ ਮੇਵਾ ਸਿੰਘ ਜਾਗਰ, ਬੀਬੀ ਜਸਵੰਤ ਕੌਰ ਜਾਗਰ ਨੂੰ ਗੁਰੂਘਰ ਵਲੋਂ ਸਿਰੋਪਾਓ ਸਾਹਿਬ ਬਖਸ਼ਿਸ਼ ਕੀਤੇ ਗਏ।

19 ਫਰਵਰੀ ਨੂੰ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਮੌਕੇ ਗੁਰੂਘਰ ਵਿਖੇ ਸ਼ਾਮਾਂ ਦੇ ਕੀਰਤਨ ਦਿਵਾਨ ਵੀ ਸਜਾਏ ਗਏ ਜਿਸ ਵਿੱਚ ਹਜ਼ੂਰੀ ਰਾਗੀ ਭਾਈ ਜਸਪਾਲ ਸਿੰਘ ਜੀ, ਭਾਈ ਗੁਰਦੀਪ ਸਿੰਘ ਜੀ ਅਤੇ ਭਾਈ ਅਮਰਜੀਤ ਸਿੰਘ ਜੀ ਨੇ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕੀਤਾ ਉਪਰੰਤ ਸਿੱਖ ਜਗਤ ਦੇ ਪ੍ਰਸਿੱਧ ਢਾਡੀ ਜੱਥੇ ਭਾਈ ਲਖਵਿੰਦਰ ਸਿੰਘ ਸੋਹਲ ਨੇ ਢਾਡੀ ਵਾਰਾਂ ਦੁਆਰਾ ਸੰਗਤਾਂ ਨੂੰ ਗੁਰਇਤਿਹਾਸ ਨਾਲ ਨਿਹਾਲ ਕੀਤਾ। ਇਨ੍ਹਾਂ ਦਿਵਾਨਾ ਦੀ ਸੇਵਾ ਸਮੂੰਹ ਸਾਧਸੰਗਤਿ ਵੱਲੋਂ ਹੋਈ।

ਸਟੇਜ਼ ਸਕੱਤਰ ਸ਼੍ਰੀ ਬਲਜੀਤ ਸਿੰਘ ਨੇ ਸੰਗਤਾਂ ਨੂੰ ਗੁਰੂਘਰ ਦੀਆਂ ਨਵੀਆਂ ਬਣਨ ਜਾ ਰਹੀਆਂ ਇਮਾਰਤਾਂ ਬਾਰੇ, ਦਿਨ ਐਤਵਾਰ ਮਾਰਚ 10, 2019 ਨੂੰ ਸਜਾਏ ਜਾ ਰਹੇ 19ਵੇ ਮਹਾਨ ਨਗਰ ਕੀਰਤਨ ਬਾਰੇ ਅਤੇ ਮਾਰਚ 8, 9 ਅਤੇ 10 ਨੂੰ ਆ ਰਹੇ ਕੀਰਤਨੀ ਜੱਥਿਆਂ ਭਾਈ ਹਰਜਿੰਦਰ ਸਿੰਘ ਜੀ ਸ਼੍ਰੀਨਗਰ ਵਾਲੇ, ਭਾਈ ਸਰਬਜੀਤ ਸਿੰਘ ਲਾਡੀ ਜੀ ਅਤੇ ਭਾਈ ਸੁਖਜੀਵਨ ਸਿੰਘ ਜੀ ਬਾਰੇ ਸੰਗਤਾਂ ਨੂੰ ਜਾਣਕਾਰੀ ਦਿੱਤੀ। ਸਮੂੰਹ ਸੰਗਤਾਂ ਨੂੰ ਆਪਣੇ ਪਰਿਵਾਰਾਂ, ਰਿਸਤੇਦਾਰਾਂ, ਦੋਸਤਾਂ ਮਿੱਤਰਾਂ ਸਹਿਤ ਹੁੰਮ ਹੁਮਾ ਕੇ ਪਹੁਚਣ ਦੀ ਬੇਨਤੀ ਕੀਤੀ।

**ਅਗਲੇ ਆਉਣ ਵਾਲੇ ਪ੍ਰੋਗਰਾਮ:**

ਸ਼੍ਰੀ ਆਖੰਡ ਪਾਠ ਸਾਹਿਬਾਂ ਦੀ ਲੜੀ ਵਿੱਚ 11ਵਾਂ ਸ਼੍ਰੀ ਅਖੰਡ ਪਾਠ ਸਾਹਿਬ ਜਿਨ੍ਹਾਂ ਦੀ ਸੇਵਾ ਗੁਰੂਘਰ ਦੀਆਂ ਸਮੂੰਹ ਬੀਬੀਆਂ ਭੈਣਾਂ ਵਲੋਂ ਹੋ ਰਹੀ ਹੈ। ਸ਼੍ਰੀ ਅਖੰਡ ਪਾਠ ਸਾਹਿਬ ਫਰਵਰੀ 22, ਸ਼ੁੱਕਰਵਾਰ ਸਵੇਰੇ 10:30 ਵਜੇ ਆਰੰਭ ਹੋਣਗੇ ਅਤੇ ਐਤਵਾਰ, 24 ਫਰਵਰੀ ਨੂੰ ਬਾਣੀ ਦੇ ਭੋਗ ਸਵੇਰ ਦੇ ਦਿਵਾਨਾ (9:30 ਤੋਂ 1:30 ਤੱਕ) ਵਿਖੇ ਪਾਏ ਜਾਣਗੇ। ਸਵੇਰੇ 11ਵਜੇ ਅਰਦਾਸ ਅਤੇ ਹੁਕਮਨਾਮੇ ਹੋਣਗੇ ਉਪਰੰਤ 11:30 ਵਜੇ ਗੁਰੂਘਰ ਦਾ ਹਜ਼ੂਰੀ ਰਾਗੀ ਜੱਥਾ ਭਾਈ ਜਸਪਾਲ ਸਿੰਘ ਜੀ, ਭਾਈ ਗੁਰਦੀਪ ਸਿੰਘ ਜੀ ਅਤੇ ਭਾਈ ਅਮਰਜੀਤ ਸਿੰਘ ਜੀ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕਰਨਗੇ। ਆਪ ਆਪਣੇ ਪਰਿਵਾਰਾਂ, ਰਿਸਤੇਦਾਰਾਂ, ਦੋਸਤਾਂ ਮਿੱਤਰਾਂ ਸਹਿਤ ਦਰਸ਼ਨ ਦੇ ਕੇ ਗੁਰੂਘਰ ਦੀਆਂ ਬਖਸ਼ਿਸ਼ਾਂ ਪ੍ਰਾਪਤ ਕਰੋ ਜੀ।

**ਗੁਰੂਘਰ ਵਿਖੇ ਨਗਰ ਕੀਰਤਨ ਦੇ ਸਮਾਗਮਾਂ ਨੂੰ ਸਪੌਂਸਰ ਕਰਨ ਲਈ ਸੇਵਾਵਾਂ ਖੁਲੀਆਂ ਹਨ।**

**ਸੰਪਰਕ:**

ਸ਼੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ
ਸ਼੍ਰੀ ਰਾਜ ਬੱਧਣ ਜੀ (916) 601-3842
ਸ਼੍ਰੀ ਇੰਦਰਜੀਤ ਪੜਵੱਗਾ ਜੀ (916) 276-2538
ਸ਼੍ਰੀ ਤੇਜਪਾਲ ਵਿਰਕ ਜੀ (916) 912-5678

**(ਤਸਵੀਰਾਂ ਦੇਖੋ ਸਫਾ 20 'ਤੇ)**




# ਲੋਕ ਸਭਾ ਚੋਣਾਂ ਤੋਂ ਪਹਿਲਾਂ ਪਹਿਲਾਂ ਈਸਾਈਆਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਜਾਣ- ਕੈਪਟਨ ਤੋਂ ਈਸਾਈਆਂ ਦੀ ਮੰਗ

ਵਿਲੀਅਮ ਕੇਰੀ ਅਵਾਰਡ ਕਮੇਟੀ ਅਤੇ ਮਸੀਹੀ ਦਲ ਨੇ ਪੰਜਾਬ ਦੇ ਮੁਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ 31 ਮਾਰਚ 2019 ਤੱਕ ਸਾਰੇ ਪੰਜਾਬ ਦੇ ਬੇਰੁਜ਼ਗਾਰ ਈਸਾਈਆਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਜਾਣ, ਈਸਾਈਆਂ ਨੂੰ ਕਾਰੋਬਾਰੀ ਕਰਜ਼ੇ, ਬਿਜ਼ਨਸ ਦੇ ਲਾਇਸੈਂਸ, ਪ੍ਰਮਿਟ, ਕੋਟੇ ਦਿੱਤੇ ਜਾਣ ਅਤੇ ਪੰਜਾਬ ਦੇ ਘਟੋ ਘੱਟ ਢਾਈ ਫੀਸਦੀ ਰਾਸ਼ਨ ਡਿੱਪ ਈਸਾਈਆਂ ਨੂੰ ਦਿੱਤੇ ਜਾਣ ਨਹੀਂ ਤਾਂ ਈਸਾਈ ਆ ਰਹੀਆਂ ਲੋਕ ਸਭਾ ਚੋਣਾਂ ਵਿੱਚ ਆਪਣੇ ਉਮੀਦਵਾਰ ਖੜੇ ਕਰਨਗੇ। ਵਿਲੀਅਮ ਕੇਰੀ ਅਵਾਰਡ ਕਮੇਟੀ ਦੇ ਕਨਵੀਨਰ ਸ੍ਰੀ ਫਰੈਡੀ ਜੋਜ਼ਫ ਨੇ ਪੰਜਾਬ ਦੇ ਸਾਰੇ ਈਸਾਈਆਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਪੈਰਾਂ ਤੇ ਖੜੇ ਹੋਣ ਦੇ ਯਤਨ ਕਰਨ। ਉਨ੍ਹਾਂ ਨੇ 71 ਸਾਲ ਕਾਂਗਰਸ ਨੂੰ ਅਨ੍ਹੇਵਾਹ ਵੋਟਾਂ ਪਾਈਆਂ ਹਨ ਪਰ ਕਾਂਗਰਸ ਨੇ ਈਸਾਈਆਂ ਦੀ ਆਰਥਿਕ ਸਮਾਜਿਕ ਉੱਨਤੀ ਬਾਰੇ ਤਾਂ ਕੀ ਸੋਚਣਾ ਸੀ ਈਸਾਈਆਂ ਨੂੰ ਮਾਲੀ ਤੌਰ ਤੇ ਤਬਾਹ ਕਰਨ ਦੀ ਕੋਸ਼ਿਸ ਹੀ ਕੀਤੀ ਹੈ। ਪਿਛਲੇ 71 ਸਾਲਾਂ ਵਿੱਚ ਲਗਪਗ 400 ਈਸਾਈਆਂ ਨੂੰ ਹੀ ਸਰਕਾਰੀ ਨੌਕਰੀਆਂ ਮਿਲੀਆਂ ਹਨ ਉਨ੍ਹਾਂ ਵਿਚੋਂ ਵੀ ਦਰਜ਼ਾ ਅਵਲ ਜੋ ਦੋਇਮ ਨਹੀਂ ਤੀਜੇ ਤੇ ਚੌਥੇ ਦਰਜੇ ਦੀਆਂ ਨੌਕਰੀਆਂ ਹੀ ਦਿੱਤੀਆਂ ਹਨ। ਈਸਾਈਆਂ ਨੂੰ ਦਾਲ ਆਟੇ, ਸ਼ਗਨ ਸਕੀਮ ਅਤੇ ਮਸੀਹੀ ਭਵਨ ਵਰਗੀਆਂ ਗੈਰ ਸਨਮਾਨਜਨਕ ਮੰਗਾਂ ਨਾਲ ਬੰਨ੍ਹੀ ਰੱਖਿਆ ਹੈ। ਕਾਂਗਰਸ ਈਸਾਈਆਂ ਵਿਚੋਂ ਅਲ ਫਲ ਤੇ ਲੱਲ ਕਿਸਮ ਦੇ ਲੋਕਾਂ ਨੂੰ ਪਾਰਟੀ ਅਹੁਦਿਆਂ ਦੀ ਪੂਛ ਲਾ ਕੇ ਈਸਾਈ ਵੋਟਾਂ ਇੱਕਠੀਆਂ ਕਰ ਲੈਂਦੀ ਹੈ। ਕਾਂਗਰਸ ਹੋਵੇ ਜਾਂ ਅਕਾਲੀ ਦਲ ਕਿਸੇ ਨੇ ਵੀ ਈਸਾਈਆਂ ਨੂੰ ਸਰਕਾਰ ਵਿੱਚ ਕੋਈ ਅਜੇਹਾ ਅਹੁਦਾ ਨਹੀਂ ਦਿੱਤਾ ਜਿਸ ਨਾਲ ਈਸਾਈਆਂ ਦੀ ਆਰਥਿਕ ਸਮਾਜਿਕ ਉੱਨਤੀ ਹੋ ਸਕੇ। ਇਨ੍ਹਾਂ ਦੋਹਾਂ ਪਾਰਟੀਆਂ ਨੇ ਜੇਕਰ ਕਿਸੇ ਮਾੜੇ ਮੋਟੇ ਈਸਾਈ ਨੂੰ ਵਿਧਾਨ ਸਭ ਜਾਂ ਪਾਰਲੀਮੈਂਟ ਦਾ ਟਿਕਟ ਦਿੱਤਾ ਵੀ ਤਾਂ ਉਸਨੂੰ ਆਪ ਹੀ ਹਰਾ ਦਿਤਾ - ਈਸਾਈ ਨੂੰ ਟਿਕਟ ਦੇਣ ਦਾ ਪ੍ਰਚਾਰ ਕਰਕੇ ਸਾਰੇ ਪੰਜਾਬ ਵਿਚ ਈਸਾਈ ਵੋਟਾਂ ਬਟੋਰ ਲਈਆਂ। ਖੁਦ ਇਹ ਲੋਕ ਅਰਬਾਂਪਤੀ ਬਣ ਗਏ ਅਤੇ ਈਸਾਈ ਉਥੇ ਦੇ ਉਥੇ ਹੀ ਖੜੇ ਰਹਿ ਗਏ ਜਿਥੇ ਪਹਿਲਾਂ ਖੜੇ ਸਨ। ਜੇਕਰ ਕਾਂਗਰਸ ਜਾਂ ਅਕਾਲੀ ਦਲ ਦੀ ਨੀਅਤ ਸਾਫ ਹੁੰਦੀ ਤਾਂ ਉਹ ਈਸਾਈਆਂ ਨਾਲ ਅਜੇਹਾ ਵਰਤਾਓ ਨਾ ਕਰਦੇ। ਪਾਰਟੀਆਂ ਦੀ ਬੇਈਮਾਨੀ ਕਾਰਣ ਹੀ ਅੱਜ ਸਾਡੀਆਂ ਮਾਵਾਂ, ਭੈਣਾਂ ਅਤੇ ਨੂੰਹਾਂ ਅਜ਼ਾਦੀ ਦੇ 71 ਸਾਲ ਪਿਛੋਂ ਵੀ ਜੱਟਾਂ ਦੇ ਖੇਤਾਂ ਵਿੱਚ ਝੋਨਾ ਲਾਉਂਦੀਆਂ ਆਲੂ ਪੁਟਦੀਆਂ ਨਜ਼ਰ ਆਉਂਦੀਆਂ ਹਨ। ਵਿਲੀਅਮ ਕੇਰੀ ਅਵਾਰਡ ਕਮੇਟੀ ਅਤੇ ਮਸੀਹੀ ਦਲ ਨੇ ਕਾਂਗਰਸ ਪਾਰਟੀ ਦੇ ਈਸਾਈ ਅਹੁਦੇਦਾਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਕਾਂਗਰਸ ਨੂੰ ਮਜ਼ਬੂਤ ਕਰਨ ਦੀ ਬਜਾਏ ਆਪਣੀ ਬਰਾਦਰੀ ਦੀ ਮਜ਼ਬੂਤੀ ਵੱਲ ਪਹਿਲਾਂ ਧਿਆਨ ਦੇਣ। ਜੇਕਰ ਉਨ੍ਹਾਂ ਨੇ ਮਾਮੂਲੀ ਅਹੁਦਿਆਂ ਦੇ ਨਸ਼ੇ ਵਿੱਚ ਬਰਾਦਰੀ ਦੀ ਲਗਾਤਾਰ ਤਬਾਹ ਹੋ ਰਹੀ ਜ਼ਿੰਦਗੀ ਵੱਲ ਧਿਆਨ ਨਾ ਦਿੱਤਾ ਤਾਂ ਇਤਿਹਾਸ ਉਨ੍ਹਾਂ ਨੂੰ ਕਦੀ ਮਾਫੀ ਨਹੀਂ ਕਰੇਗਾ। ਆਮ ਈਸਾਈਆਂ ਨੂੰ ਚਾਹੀਦਾ ਹੈ ਕਿ ਕਾਂਗਰਸ ਪਾਰਟੀ ਵਿੱਚ ਅਹੁਦੇ ਲੈ ਕੇ ਬੈਠੇ ਈਸਾਈਆਂ ਨੂੰ ਇਹ ਪੁੱਛਣ ਕਿ ਉਨ੍ਹਾਂ ਨੇ ਹੁਣ ਤੱਕ ਈਸਾਈਆਂ ਲਈ ਕੀ ਕੀਤਾ ਹੈ। ਕਦ ਤੱਕ ਸਾਡੀਆਂ ਧੀਆਂ ਭੈਣਾਂ ਜੱਟਾਂ ਦੇ ਖੇਤਾਂ ਵਿੱਚ ਝੋਨਾ ਲਾਉਂਦੀਆਂ ਰਹਿਣਗੀਆਂ।

## ਸ੍ਰੀ ਗੁਰੂ ਰਵਿਦਾਸ ਜੀ ਦਾ 642ਵਾਂ ਪ੍ਰਕਾਸ਼ ਦਿਹਾੜਾ 24 ਫਰਵਰੀ ਨੂੰ ਪਿਟਸਬਰਗ ਅਤੇ ਸੇਲਮਾ ਗੁਰੂ ਘਰਾਂ ਵਿਖੇ ਮਨਾਇਆ ਜਾਵੇਗਾ



**ਪਿਟਸਬਰਗ (ਡੀ. ਡੀ. ਬੀ.)-** ਧੰਨ ਧੰਨ ਸੱਚੇ ਪਾਤਸ਼ਾਹ ਸਤਿਗੁਰੂ, ਸ੍ਰੀ ਗੁਰੂ ਰਵਿਦਾਸ ਜੀ ਦਾ 642ਵਾਂ ਪ੍ਰਕਾਸ਼ ਦਿਹਾੜਾ ਪੂਰੇ ਵਿਸ਼ਵ ਵਿਚ 19 ਫਰਵਰੀ ਤੋਂ ਮਨਾਇਆ ਜਾ ਰਿਹਾ ਹੈ। 24 ਫਰਵਰੀ ਦਿਨ ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਅਤੇ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਸੇਲਮਾ ਵਿਖੇ ਗੁਰੂ ਘਰ ਦੀਆਂ ਪ੍ਰਬੰਧਕ ਕਮੇਟੀਆਂ ਵੱਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਦੇ ਸੰਪੂਰਨ ਸਹਿਯੋਗ ਨਾਲ ਬਹੁਤ ਹੀ ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਹੈ। ਅਦਾਰਾ 'ਦੇਸ਼ ਦੁਆਬਾ' ਵੱਲੋਂ ਸਮੂਹ ਪ੍ਰਬੰਧਕ ਕਮੇਟੀਆਂ ਅਤੇ ਸੰਗਤ ਨੂੰ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

**ਵਧੇਰੇ ਜਾਣਕਾਰੀ ਲਈ ਸੰਪਰਕ ਕਰੋ-**

**ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ 925-439-2355**

**ਸ੍ਰੀ ਗੁਰੂ ਰਵਿਦਾਸ ਗੁਰੂ ਘਰ ਸੇਲਮਾ 559-891-8286**

# ਡੀ.ਐਨ.ਏ ਦਾ ਕਮਾਲ: ਪਤਾ ਲੱਗਾ ਨਿਊਜ਼ੀਲੈਂਡ ਵਸਦੈ ਕੋਈ ਪਰਿਵਾਰ

## ਆਸਟਰੇਲੀਆ ਰਹਿੰਦੇ ਸ.ਬਲਜਿੰਦਰ ਸਿੰਘ ਨੂੰ ਹੇਸਟਿੰਗਜ਼ ਖੇਤਰ 'ਚ ਬਰਪਿੰਦਾ ਸਿੰਘ ਦੀ ਹੈ ਤਲਾਸ਼

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਕੁਝ ਸਾਲ ਪਹਿਲਾਂ ਆਸਟਰੇਲੀਆ ਦੇ ਵਿਚ ਇਹ ਗੱਲ ਬੜੀ ਚਰਚਾ ਭਰੀ ਰਹੀ ਸੀ ਕਿ ਇਕ ਪੰਜਾਬੀ ਸ. ਬਲਜਿੰਦਰ ਸਿੰਘ ਪਿੰਡ ਸਿੰਬੋਵਾਲਾ ਨੇੜੇ ਟੋਹਾਣਾ ਜ਼ਿਲ੍ਹਾ ਫਤਿਆਬਾਦ (ਹਰਿਆਣਾ) ਨੇ 23 ਸਾਲ ਦੀ ਲੰਬੀ ਖੋਜ ਤੋਂ ਬਾਅਦ ਆਪਣੇ ਦਾਦਾ ਸ. ਮਹਿੰਗਾ (ਚਾਰਲਜ) ਸਿੰਘ ਬਾਰੇ ਜਾਣਕਾਰੀ ਇਕੱਤਰ ਕੀਤੀ ਅਤੇ ਉਸਦੀ ਸਮਾਧ ਤੱਕ ਪਹੁੰਚ ਬਣਾ ਲਈ ਸੀ। ਇਹ ਸਮਾਧ ਉਤੇ ਭਾਵੇਂ ਨਾਂਅ ਨਹੀਂ ਸੀ ਲਿਖਿਆ ਗਿਆ, ਪਰ ਰਿਕ-ਾਰਡ ਦੱਸਦਾ ਸੀ ਕਿ ਇਥੇ ਸ. ਮਹਿੰਗਾ ਸਿੰਘ ਨੂੰ 16 ਅਕਤੂਬ 1959 ਦੇ ਵਿਚ ਦਫਨ ਕੀਤਾ ਗਿਆ ਸੀ। ਇਹ ਕਿੱਸਾ ਅਖਬਾਰਾਂ ਦੇ ਵਿਚ ਛਪਿਆ ਸੀ। 10-12 ਸਾਲ ਦੀ ਉਮਰ ਵਿਚ ਸ. ਬਲਜਿੰਦਰ ਸਿੰਘ ਨੇ ਅਣਭੋਲ ਪੁਣੇ ਦੇ ਵਿਚ ਆਪਣੀ ਦਾਦੀ ਸ੍ਰੀਮਤੀ ਰਾਧ ਕੌਰ ਨੂੰ ਇਹ ਕਹਿ ਦਿੱਤਾ ਸੀ ਕਿ ਮੈਂ ਵੱਡਾ ਹੋ ਕੇ ਲਿਆਵਾਂਗਾ ਆਪਣਾ ਦਾਦਾ ਜੀ ਲੱਭ ਕੇ। ਉਸਦੀ ਦਾਦੀ ਕੋਲੋਂ ਉਸਦਾ ਪਤੀ 1920 ਦੇ ਵਿਚ ਆਸਟਰੇਲੀਆ ਗਏ ਸਨ ਤੇ ਮੁੜ ਇੰਡੀਆ ਗਏ ਹੀ ਨਹੀਂ। ਇਸੀ ਖੋਜ ਨੇ ਉਨ੍ਹਾਂ ਨੂੰ 1986 ਦੇ ਵਿਚ ਆਸਟਰੇਲੀਆ ਖਿਚ ਲਿਆ ਅਤੇ ਉਹ 23 ਸਾਲ ਤੱਕ ਥਾਂ-ਥਾਂ ਜਾ ਕੇ ਲੱਭਦੇ ਰਹੇ ਆਖਿਰ ਜੁਲਾਈ 2009 ਦੇ ਵਿਚ ਉਨ੍ਹਾਂ ਆਪਣੇ ਦਾਦਾ ਜੀ ਬਾਰੇ ਅਣਮੁੱਲੀ ਜਾਣਕਾਰੀ ਹਾਸਿਲ ਕਰ ਲਈ ਅਤੇ ਉਨ੍ਹਾਂ ਦੇ ਵਾਕਿਫਕਾਰਾਂ ਤੱਕ ਪਹੁੰਚ ਗਏ। ਉਨ੍ਹਾਂ ਮੌਤ ਦਾ ਸਰਟੀਫਿਕੇਟ ਵੀ ਪ੍ਰਾਪਤ ਕਰ ਲਿਆ ਰਿਕਾਰਡ ਮੁਤ-ਾਬਿਕ ਉਹ ਰੇਲਵੇ ਕਰਮਚਾਰੀ ਲਿਖੇ ਗਏ ਹਨ। ਹੁਣ ਇਸ ਵਿਸ਼ੇ ਉਤੇ ਇਕ ਡਾਕੂਮੈਂਟਰੀ ਵੀ ਬਣ ਰਹੀ ਹੈ।

ਸ. ਬਲਜਿੰਦਰ ਸਿੰਘ ਦੀ ਇਹ ਖੋਜ਼ ਅਜੇ ਖਤਮ ਨਹੀਂ ਹੋਈ ਉਨ੍ਹਾਂ ਨੇ ਸੋਚਿਆ ਕਿ ਉਨ੍ਹਾਂ ਦਾ ਕੋਈ ਨਾ ਕੋਈ ਹੋਰ ਪਰਿਵਾਰਕ ਮੈਂਬਰ ਜਾਂ ਪਰਿਵਾਰ ਦੀ ਤੰਦ ਇਧਰ ਜਰੂਰ ਪੈਦਾ ਹੋਈ ਹੋਵੇਗੀ। ਇਸੀ ਆਸ਼ੇ ਦੇ ਨਾਲ ਉਨ੍ਹਾਂ ਆਪਣਾ ਡੀ.ਐਨ. ਏ. ਟੈਸਟ ਨਵੰਬਰ 2018 ਦੇ ਵਿਚ ਕਰਵਾਇਆ ਤਾਂ ਕਿ ਪਤਾ ਲੱਗ ਸਕੇ ਕਿ ਉਨ੍ਹਾਂ ਦੇ ਖੂਨ ਦੇ ਰਿਸ਼ਤੇ ਦਾ ਕੋਈ ਹੋਰ ਪਰਿਵਾਰਕ ਮੈਂਬਰ ਇਥੇ ਦਾਦਾ ਜੀ ਦੀ ਵੰਸ਼ ਨੂੰ ਵਧਾ ਰਿਹਾ ਹੈ ਕਿ ਨਹੀਂ। ਹੈਰਾਨੀ ਦੀ ਗੱਲ ਉਦੋਂ ਹੋਈ ਜਦੋਂ 23 ਦਸੰਬਰ ਨੂੰ ਉਨ੍ਹਾਂ ਦਾ ਡੀ. ਐਨ. ਏ. ਟੈਸਟ ਇਕ 28 ਸਾਲਾ ਮਾਓਰੀ ਮੂਲ ਦੀ ਔਰਤ ਕੈਥਲੀਨ ਪਰਾਟਾ ਦੇ ਨਾਲ ਮਿਲ ਗਿਆ, ਅਤੇ ਇਹ ਸ. ਬਲਜਿੰਦਰ ਸਿੰਘ ਦੀ ਚੌਥੀ ਪੌੜੀ ਦੀ ਭੈਣ ਹੋ ਸਕਦੀ ਹੈ। ਸ. ਬਲਜਿੰਦਰ ਸਿੰਘ ਨੇ ਡੀ. ਐਨ. ਏ. ਕੰਪਨੀ ਅਤੇ ਫੇਸ ਬੁੱਕ ਦੀ ਮਦਦ ਨਾਲ ਉਸ ਔਰਤ ਨੂੰ ਕਿਸੀ ਤਰ੍ਹਾਂ ਲੱਭ ਕੇ ਲਿਖਤੀ ਸੰਦੇਸ਼ਾਂ ਦੇ ਰਾਹੀਂ ਗੱਲਬਾਤ ਸ਼ੁਰੂ ਕਰ ਲਈ। ਇਸ ਖੋਜ਼ ਦੇ ਵਿਚ ਹੋਰ ਡੂੰਘਾਈ ਉਦੋਂ ਨਜ਼ਰ ਆਈ ਜਦੋਂ ਉਸ ਔਰਤ ਨੇ ਕਿਹਾ ਕਿ ਮੇਰੇ ਪਿਤਾ ਜੀ ਦਾ ਨਾਂਅ ਬਰਪਿੰਦਾ ਸਿੰਘ ਹੈ ਅਤੇ ਮੈਂ ਵੀ ਉਸਨੂੰ ਲੱਭ ਰਹੀ ਹਾਂ। ਇਸ ਔਰਤ ਦਾ ਜਨਮ ਹੇਸਟਿੰਗਜ਼ (ਨਿਊਜ਼ੀਲੈਂਡ) ਹੋਇਆ ਹੈ ਅਤੇ ਇਹ ਅੱਜਕੱਲ੍ਹ ਬ੍ਰਿਸਬੇਨ (ਆਸਟਰੇਲੀਆ) ਹੈ। ਇਸ ਅਨੁਸਾਰ ਸ਼ਾਇ ਇਸਦੇ ਪਿਤਾ ਨੂੰ ਇਹ ਵੀ ਪਤਾ ਨਾ ਹੋਵੇ ਕਿ ਉਸਦੀ ਕੋਈ ਬੇਟੀ ਵੀ ਹੈ। ਇਸਦੀ ਔਰਤ ਦੀ ਮਾਂ ਦਾ ਨਾਂਅ ਡੀਨੀਸ਼ ਪਰਾਟਾ ਹੈ ਅਤੇ ਉਹ ਵੀ ਆਪਣੀ ਬੇਟੀ ਦੇ ਬਾਪ ਵਿਚ ਭਾਲ ਹੈ। ਉਸ ਔਰਤ ਨੇ ਕਿਹਾ ਕਿ ਉਸਦਾ ਪਿਤਾ ਸੇਬਾਂ ਦੇ ਫਾਰਮ ਦੇ ਵਿਚ ਕੰਮ ਕਰਦਾ ਰਿਹਾ ਹੈ। ਉਸਨੂੰ ਇਹ ਵੀ ਸ਼ੱਕ ਹੈ ਕਿ ਉਸਨੇ ਕਿਸੀ ਹੋਰ ਔਰਤ ਨਾਲ ਵੀ ਵਿਆਹ ਕਰਵਾਇਆ ਹੋ ਸਕਦਾ ਹੈ।





ਮੁੱਕਦੀ ਗੱਲ ਸ. ਬਲਜਿੰਦਰ ਸਿੰਘ ਹੋਰਾਂ ਨਿਊਜ਼ੀਲੈਂਡ ਵਸਦੇ ਸਮੁੱਚੇ ਭਾਈਚਾਰੇ ਨੂੰ ਬੇਨਤੀ ਕੀਤੀ ਹੈ ਕਿ ਜੇਕਰ ਉਹ ਕਿਸੀ ਤਰ੍ਹਾਂ ਇਸ ਖੂਨ ਦੇ ਰਿਸ਼ਤੇ ਨੂੰ ਜੋੜਦੀ ਅਗਲੀ ਤੰਦ ਦਾ ਸਿਰਾ ਲੱਭ ਸਕਣ ਤਾਂ ਇਹ ਇਕ ਇਤਿਹਾਸਕ ਗਾਥਾ ਹੋ ਨਿਬੜੇ ਅਤੇ ਪੰਜਾਬੀਆਂ ਦੇ ਵਿਦੇਸ਼ਾਂ ਦੇ ਵਿਚ ਕਾਇਮ ਹੁੰਦੇ ਰਿਸ਼ਤਿਆਂ ਨੂੰ ਇਕ ਨਵੀਂ ਪੀੜ੍ਹੀ ਦਾ ਸੁਰਾਗ ਮਿਲ ਸਕੇ।

'ਦੇਸ਼ ਦੁਆਬਾ'
ਹਰ ਹਫਤੇ ਛਪਣ ਵਾਲਾ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।
ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ
ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।
ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ
ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
1-916-947-8920 (ਫੋਨ), 1-916-238-1393 (ਫੈਕਸ)
E-mail : deshdoaba@yahoo.com
www.deshdoaba.com www.ambedkartimes.com


BERKSHIRE HATHAWAY
Home Services
ELITE REAL ESTATE
Shangara Ram
Realtor CalBRE# 01969522
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ
ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ,
ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Cell: 916-479-558, Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828

# ਸਰੋਆ ਪਰਿਵਾਰ ਨੂੰ ਸਦਮਾ, ਪਰਮਜੀਤ ਸਰੋਆ ਸਵਰਗਵਾਸ

**ਯੂਬਾ ਸਿਟੀ–** ਬੜੇ ਦੁਖੀ ਮਨ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੇ ਬੜੇ ਸ਼ਰਧਾਲੂ ਸ੍ਰੀ ਪਰਮਜੀਤ ਸਰੋਆ ਜੀ (ਪਿੰਡ ਬਾਰੋਵਾਲ, ਜ਼ਿਲ੍ਹਾ ਨਵਾ ਸ਼ਹਿਰ) ਆਪਣੇ ਸਵਾਸਾਂ ਦੀ ਪੂੰਜੀ ਖਤਮ ਕਰਦੇ ਹੋਏ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ ਹਨ। ਸ੍ਰੀ ਪਰਮਜੀਤ ਸਰੋਆ ਬੜੇ ਹੀ ਪਿਆਰੇ ਅਤੇ ਗੁਰੂ ਘਰ ਦੇ ਸ਼ਰਧਾਲੂਆਂ ਵਿਚੋਂ ਇਕ ਸਨ। ਉਹਨਾਂ ਦੀ ਅੰਤਿਮ ਰਸਮਾਂ ਮਿਤੀ 23 ਫਰਵਰੀ ਦਿਨ ਸ਼ਨਿਚਰਵਾਰ ਨੂੰ ਕੀਤੀਆਂ ਜਾਣਗੀਆਂ ਅਤੇ ਸ਼ਨਿਚਰਵਾਰ 23 ਫਰਵਰੀ ਨੂੰ



ਅੰਤਿਮ ਸਸਕਾਰ ਚੈਪਲ ਆਫ ਦਾ ਟਵਿਨ ਸਿਟੀਜ਼ 715 ਸ਼ਾਸਤਰ ਸਟ੍ਰੀਟ ਯੂਬਾ ਸਿਟੀ 95991 ਵਿਖੇ ਦੁਪਹਿਰੇ 11 ਤੋਂ 1 ਵਜੇ ਤੱਕ ਹੋਵੇਗਾ।

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ 1 ਵਜੇ ਤੋਂ 2:30 ਵਜੇ ਤੱਕ ਭੋਗ ਸ੍ਰੀ ਸਹਿਜ ਪਾਠ ਹੋਣਗੇ। ਅਦਾਰਾ ਦੇਸ਼ ਦੁਆਬਾ ਪਰਿਵਾਰ ਨਾਲ ਇਸ ਦੁੱਖ ਦੀ ਘੜੀ ਵਿਚ ਸ਼ਰੀਕ ਹੁੰਦਾ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ; ਗੁਰੂ ਘਰ 530-674-2564, ਪਰਮ 530-315-8955, ਜਸਪਾਲ ਜੱਸਲ 510-894-9653

# ਸ਼ਰਾਬ ਦੀ ਖਪਤ ਵਾਲੇ ਮੋਹਰੀ ਰਾਜਾਂ 'ਚ ਪੰਜਾਬ ਵੀ ਸ਼ਾਮਲ

ਨਵੀਂ ਦਿੱਲੀ- ਦੇਸ਼ ਵਿਚ ਹਾਲ ਹੀ 'ਚ ਕੀਤੇ ਗਏ ਇਕ ਸਰਵੇਖਣ ਵਿਚ ਸਾਹਮਣੇ ਆਇਆ ਹੈ ਕਿ ਪੰਜਾਬ ਸਣੇ ਛੱਤੀਸਗੜ੍ਹ, ਤ੍ਰਿਪੁਰਾ, ਅਰੁਣਾਚਲ ਪ੍ਰਦੇਸ਼ ਤੇ ਗੋਆ ਦੇ ਲੋਕ ਸਭ ਤੋਂ ਵੱਧ ਸ਼ਰਾਬ ਪੀਂਦੇ ਹਨ। ਕੌਮੀ ਔਸਤ ਦੇਖੀ ਜਾਵੇ ਤਾਂ ਦੇਸ਼ ਦੀ ਕਰੀਬ 14.6 ਫੀਸਦ (16 ਕਰੋੜ) ਆਬਾਦੀ (10-75 ਸਾਲ ਉਮਰ ਵਰਗ) ਦਾਰੂ ਪੀਂਦੀ ਹੈ। ਸ਼ਰਾਬ ਤੋਂ ਬਾਅਦ ਨਸ਼ੀਲੇ ਪਦਾਰਥਾਂ ਦੀ ਵਰਤੋਂ ਦੇ ਮਾਮਲੇ ਵਿਚ ਭੰਗ ਤੇ ਹੋਰ ਨਸ਼ਿਆਂ ਦਾ ਨੰਬਰ ਆਉਂਦਾ ਹੈ। ਸਰਵੇਖਣ ਦੇ ਅੰਕੜਿਆਂ ਮੁਤਾਬਕ ਸ਼ਰਾਬ ਪੀਣ ਵਾਲੇ 38 ਵਿਅਕਤੀਆਂ ਪਿੱਛੇ ਇਕ ਦਾ ਕਿਸੇ ਨਾ ਕਿਸੇ ਤਰ੍ਹਾਂ ਦਾ ਇਲਾਜ ਚੱਲ ਰਿਹਾ ਹੈ, ਜਦਕਿ 180 ਜਣਿਆਂ ਪਿੱਛੇ ਇਕ ਹਸਪਤਾਲ ਜਾਂ ਨਸ਼ਾ ਛੁਡਾਊ ਕੇਂਦਰ ਵਿਚ ਭਰਤੀ ਹੈ। ਇਹ ਸਰਵੇਖਣ ਸਮਾਜ ਭਲਾਈ ਤੇ ਸਸ਼ਕਤੀਕਰਨ ਮੰਤਰਾਲੇ ਦੁਆਰਾ ਏਮਜ਼ ਦੇ ਸਹਿਯੋਗ ਨਾਲ ਸਾਰੇ ਸੂਬਿਆਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿਚ ਕੀਤਾ ਗਿਆ ਹੈ। ਇਸ ਦੌਰਾਨ ਕਰੀਬ 2,00,111 ਲੋਕਾਂ ਦੇ ਘਰਾਂ ਦਾ 186 ਜ਼ਿਲ੍ਹਿਆਂ ਵਿਚ ਦੌਰਾ ਕੀਤਾ ਗਿਆ ਤੇ ਕੁੱਲ 4,73,569 ਲੋਕਾਂ ਦਾ ਇੰਟਰਵਿਊ ਕੀਤਾ ਗਿਆ। ਕਰੀਬ 2.8 ਫੀਸਦ ਭਾਰਤੀਆਂ (3.1 ਕਰੋੜ) ਨੇ ਮੰਨਿਆ ਹੈ ਕਿ ਉਨ੍ਹਾਂ ਪਿਛਲੇ 12 ਮਹੀਨਿਆਂ ਵਿਚ ਭੰਗ ਨਾਲ ਜੁੜੇ ਕਿਸੇ ਨਸ਼ੀਲੇ ਪਦਾਰਥ ਦੀ ਵਰਤੋਂ ਕੀਤੀ ਹੈ।



# ਪੁਲਵਾਮਾ ਹਮਲੇ ਮਗਰੋਂ ਪਾਕਿਸਤਾਨੀ ਸਟਾਲਾਂ 'ਤੇ ਛਾਈ ਵੀਰਾਨੀ

**ਜਲੰਧਰ–** ਦੇਸ਼ ਭਗਤ ਯਾਦਗਾਰ ਹਾਲ ਵਿਚ ਲੱਗੀ ਪ੍ਰਦਰਸ਼ਨੀ 'ਚ ਪਾਕਿਸਤਾਨ ਦੇ ਸਟਾਲਾਂ 'ਤੇ ਵੀਰਾਨੀ ਛਾਈ ਰਹੀ। ਇਥੇ ਲੱਗੀ ਪ੍ਰਦਰਸ਼ਨੀ ਵਿਚ ਹੋਰ ਕਈ ਦੇਸ਼ਾਂ ਦੇ ਸਟਾਲ ਵੀ ਲੱਗੇ ਹਨ ਜਿਥੇ ਲੋਕ ਆ ਕੇ ਆਪਣੀ ਮਨਮਰਜ਼ੀ ਦੀਆਂ ਚੀਜ਼ਾਂ ਖ੍ਰੀਦ ਰਹੇ ਹਨ ਪਰ ਜਿਹੜੇ ਵਪਾਰੀਆਂ ਕੋਲ ਪਾਕਿਸਤਾਨ ਦਾ ਸਮਾਨ ਪਿਆ ਹੈ ਉਨ੍ਹਾਂ ਸਟਾਲਾਂ 'ਤੇ 14 ਫਰਵਰੀ ਨੂੰ ਪੁਲਵਾਮਾ ਵਿਚ ਹੋਏ ਹਮਲੇ ਤੋਂ ਬਾਅਦ ਕੋਈ ਗਾਹਕ ਨਹੀਂ ਗਿਆ। ਪੰਜ ਦਿਨ ਚੱਲੀ ਇਸ ਪ੍ਰਦਰਸ਼ਨੀ ਦਾ ਅੱਜ ਆਖਰੀ ਦਿਨ ਸੀ। ਜਿਸ ਦਿਨ ਇਹ ਪ੍ਰਦਰਸ਼ਨੀ 14 ਫਰਵਰੀ ਨੂੰ ਸ਼ੁਰੂ ਹੋਈ ਉਸੇ ਦੁਪਹਿਰ ਨੂੰ ਪੁਲਵਾਮਾ ਵਿਚ ਹਮਲਾ ਹੋ ਗਿਆ ਸੀ। ਪਾਕਿਸਤਾਨ ਦੇ ਸਟਾਲਾਂ 'ਤੇ ਬੇਸ਼ਕੀਮਤੀ ਸ਼ਾਲ, ਗਲੀਚੇ, ਸੂਟ ਅਤੇ ਹੋਰ ਸਾਜ਼ੋ ਸਮਾਨ ਪਿਆ ਹੈ ਪਰ ਕਿਸੇ ਵੀ ਗਾਹਕ ਨੇ ਪਾਕਿਸਤਾਨੀ ਸਮਾਨ ਵੱਲ ਮੂੰਹ ਨਹੀਂ ਕੀਤਾ। ਦੁਬਈ ਅਤੇ ਦਿੱਲੀ ਦੇ ਜਿਹੜੇ ਵਪਾਰੀਆਂ ਨੇ ਆਪਣੇ ਸਟਾਲਾਂ 'ਤੇ ਪਾਕਿਸਤਾਨ ਦਾ ਸਮਾਨ ਰੱਖਿਆ ਹੋਇਆ ਸੀ ਉਥੇ ਵੀ ਗਾਹਕ ਨਹੀਂ ਗਏ। ਇਨ੍ਹਾਂ ਕਾਰੋਬਾਰੀਆਂ ਨੇ ਆਪਣੇ ਸਮਾਨ 'ਤੇ ਪਾਕਿਸਤਾਨੀ ਹੋਣ ਦਾ ਵਿਸ਼ੇਸ਼ ਜ਼ਿਕਰ ਕੀਤਾ ਹੋਇਆ ਸੀ। ਪਾਕਿਸਤਾਨੀ ਸਟਾਲ 'ਤੇ ਬੈਠੇ ਕਾਰੋਬਾਰੀ ਨੇ ਕਿਹਾ ਕਿ ਇਸ ਵਾਰ ਪ੍ਰਦਰਸ਼ਨੀ 'ਚ ਗਾਹਕਾਂ ਨੇ ਕੋਈ ਹੁੰਗਾਰਾ ਨਹੀਂ ਭਰਿਆ।




ਪ੍ਰਦਰਸ਼ਨੀ ਦਾ ਪ੍ਰਬੰਧ ਕਰਨ ਵਾਲੀ ਸੰਸਥਾ ਦੇ ਬੁਲਾਰੇ ਨੇ ਵੀ ਇਸ ਗੱਲ ਨੂੰ ਸਵੀਕਾਰ ਕੀਤਾ ਕਿ ਪਾਕਿਸਤਾਨੀ ਸਟਾਲਾਂ 'ਤੇ ਗਾਹਕ ਘੱਟ ਆਏ। ਪ੍ਰਦਰਸ਼ਨੀ ਦੇਖਣ ਆਈ ਮਾਡਲ ਟਾਊਨ ਇਲਾਕੇ ਦੀ ਇਕ ਫੈਸ਼ਨ ਡਿਜ਼ਾਈਨਰ ਨੇ ਦੱਸਿਆ ਕਿ ਉਹ ਪਹਿਲਾਂ ਪਾਕਿਸਤਾਨੀ ਸੂਟਾਂ ਨੂੰ ਪਹਿਲ ਦਿੰਦੀ ਸੀ ਪਰ ਪੁਲਵਾਮਾ ਵਿਚ ਸੀਆਰਪੀਐਫ ਦੇ ਜਵਾਨਾਂ ਦੀ ਹੋਈ ਸ਼ਹਾਦਤ ਕਾਰਨ ਇਸ ਵਾਰ ਉਨ੍ਹਾਂ ਨੇ ਕੋਈ ਵੀ ਪਾਕਿਸਤਾਨੀ ਸੂਟ ਨਹੀਂ ਖ੍ਰੀਦਿਆ।

ਪਿਛਲੇ ਚਾਰ ਸਾਲਾਂ ਤੋਂ ਇਥੇ ਲੱਗਣ ਵਾਲੀ ਪ੍ਰਦਰਸ਼ਨੀ ਵਿਚ ਹਿੱਸਾ ਲੈਂਦੇ ਆ ਰਹੇ ਕਸ਼ਮੀਰੀ ਕਾਰੋਬਾਰੀ ਸੱਯਦ ਨੇ ਕਿਹਾ ਕਿ ਕਸ਼ਮੀਰੀ ਕੱਪੜੇ ਦੀ ਕਾਫੀ ਮੰਗ ਰਹਿੰਦੀ ਹੈ ਤੇ ਖਾਸ ਕਰਕੇ ਪਸ਼ਮੀਨਾ ਦਾ ਸ਼ਾਲ ਤੇ ਗਲੀਚੇ ਲੋਕਾਂ ਦੀ ਪਹਿਲੀ ਪਸੰਦ ਹੁੰਦੇ ਹਨ। ਪਰ ਹੁਣ ਉਨ੍ਹਾਂ ਦੀ ਬਹੁਤੀ ਬੋਣ੍ਹੀ ਨਹੀਂ ਹੋਈ। ਇਸ ਹਮਲੇ ਤੋਂ ਬਾਅਦ ਭਾਰਤ ਨੇ ਪਾਕਿਸਤਾਨ ਤੋਂ ਆਉਣ ਵਾਲੇ ਸਮਾਨ 'ਤੇ 200 ਫੀਸਦੀ ਡਿਊਟੀ ਲਾ ਦਿੱਤੀ ਸੀ ਤੇ ਪਾਕਿਸਤਾਨ ਨੂੰ ਆਪਣੀ ਪਸੰਦੀਦਾ ਲਿਸਟ ਵਿਚੋਂ ਵੀ ਬਾਹਰ ਕੱਢ ਦਿੱਤਾ ਸੀ।

## ਜਨਮ ਦਿਨ ਮੁਬਾਰਕ



ਜਸਕੀਰਤ ਸਿੰਘ ਚਹਿਲ
ਪਿਤਾ: ਸ੍ਰ. ਗੁਰਜੀਵਨ ਸਿੰਘ ਚਹਿਲ
ਮਾਤਾ: ਰੁਪਿੰਦਰ ਕੌਰ ਚਹਿਲ
ਵਾਸੀ: ਮਲਕਪੁਰ ਖਿਆਲਾ (ਮਾਨਸਾ)

AAA
AUTO AND BODY WORKS
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
We Do Complete Engine Transmission, Body and Paint Work We Sell Used Cars at a Good Price

Prop: Jasbir Singh Takhar
510-755-2132
Free Estimates
Free Towing
510- 733- 2222
1421 Industrial PKWY West#F Hayward, CA 94544

Harmandeep Singh

A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics

9:00 AM to 6:00 PM Mon-Sat
Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

# ਦਹਿਸ਼ਤਗਰਦੀ ਪਾਕਿਸਤਾਨ ਦੀ ਸਰਕਾਰੀ ਨੀਤੀ ਦਾ ਹਿੱਸਾ ਬਣੀ: ਰੱਖਿਆ ਮਾਹਿਰ

**ਨਵੀਂ ਦਿੱਲੀ–** ਪੁਲਵਾਮਾ ਦਹਿਸ਼ਤੀ ਹਮਲੇ ਨੂੰ ਲੈ ਕੇ ਸਰਕਾਰ ’ਤੇ ਕਾਰਵਾਈ ਲਈ ਵਧਦੇ ਦਬਾਅ ਦਰਮਿਆਨ ਰੱਖਿਆ ਮਾਹਿਰਾਂ ਦਾ ਕਹਿਣਾ ਹੈ ਕਿ ਦਹਾਕਿਆਂ ਤੋਂ ਅਤਿਵਾਦ ਨੂੰ ਸਰਕਾਰੀ ਨੀਤੀ ਵਜੋਂ ਇਸਤੇਮਾਲ ਕਰਨ ਵਾਲੇ ਪਾਕਿਸਤਾਨ ਨੂੰ ਆਲਮੀ ਪੱਧਰ ’ਤੇ ਕੂਟਨੀਤਕ ਪੱਖੋਂ ਵੱਖ ਕਰਨ ਦੇ ਨਾਲ ਹੀ ਫ਼ੌਜੀ ਕਾਰਵਾਈ ਜ਼ਰੀਏ ਸਬਕ ਸਿਖਾਏ ਜਾਣ ਦੀ ਲੋੜ ਹੈ। ਸਾਬਕਾ ਥਲ ਸੈਨਾ ਮੁਖੀ ਜਨਰਲ ਬਿਕਰਮ ਸਿੰਘ ਨੇ ਇਸ ਖ਼ਬਰ ਏਜੰਸੀ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੁਲਕ ਦੇ ਸਿਆਸੀ ਆਗੂਆਂ ਵੱਲੋਂ ਵਿਖਾਈ ਇੱਛਾ ਸ਼ਕਤੀ ਦੇ ਆਧਾਰ ’ਤੇ ਇਹ ਕਿਹਾ ਜਾ ਸਕਦਾ ਹੈ ਕਿ ਪਾਕਿਸਤਾਨ ਨੂੰ, ਅਤਿਵਾਦ ਨੂੰ ਆਪਣੀ ਸਰਕਾਰੀ ਨੀਤੀ ਵਜੋਂ ਵਰਤਣ ਕਰਕੇ ਯਕੀਨੀ ਤੌਰ ’ਤੇ ਸਬਕ ਸਿਖਾਏ ਜਾਣ ਦੀ ਲੋੜ ਹੈ। ਜਨਰਲ ਸਿੰਘ ਨੇ ਕਿਹਾ



ਕਿ ਸਰਕਾਰ ਜਾਣਦੀ ਹੈ ਕਿ ਕਦੋਂ ਤੇ ਕਿਵੇਂ ਜਵਾਬ ਦੇਣਾ ਹੈ। ਹੋ ਸਕਦਾ ਹੈ ਕਿ ਫੌਰੀ ਕਾਰਵਾਈ ਨਾ ਹੋਵੇ, ਕਿਉਂਕਿ ਪਾਕਿਸਤਾਨ ਇਸ ਵੇਲੇ ਚੌਕਸ ਹੈ। ਲਿਹਾਜ਼ਾ ਕਾਰਵਾਈ ਕਰਨ ਲਈ ਥੋੜ੍ਹੀ ਉਡੀਕ ਕਰਨੀ ਪੈ ਸਕਦੀ ਹੈ। ਉੜੀ ਦਹਿਸ਼ਤੀ ਹਮਲੇ ਮਗਰੋਂ ਹੋਏ ਸਰਜੀਕਲ ਸਟਰਾਈਕ ਮੌਕੇ ਉੱਤਰੀ ਕਮਾਂਡ ਦੇ ਮੁਖੀ ਰਹੇ ਲੈਫਟੀਨੈਂਟ ਜਨਰਲ ਦੀਪਿੰਦਰ ਹੁੱਡਾ ਨੇ ਕਿਹਾ ਕਿ ਉੜੀ ਹਮਲੇ ਮਗਰੋਂ ਸਰਜੀਕਲ ਸਟਰਾਈਕ ਹੋਈ ਸੀ। ਸੁਰੱਖਿਆ ਬਲਾਂ ਦੇ ਸਰਹੱਦ ਪਾਰ ਜਾ ਕੇ ਕਾਰਵਾਈ ਕਰਨ ਦੇ ਕਈ ਬਦਲ ਮੌਜੂਦ ਹਨ, ਪਰ ਜਨਤਕ ਤੌਰ ’ਤੇ ਇਨ੍ਹਾਂ ਦਾ ਜ਼ਿਕਰ ਨਹੀਂ ਕੀਤਾ ਜਾ ਸਕਦਾ। ਇਸ ਦੇ ਨਾਲ ਹੀ ਸਰਹੱਦ ’ਤੇ ਕੂਟਨੀਤਕ ਪੱਖੋਂ ਪਾਕਿਸਤਾਨ ’ਤੇ ਦਬਾਅ ਬਣਾਉਣਾ ਹੋਵੇਗਾ। ਪਾਕਿਸਤਾਨ ਵਿੱਚ ਭਾਰਤ ਦੇ ਸਾਬਕਾ ਹਾਈ ਕਮਿਸ਼ਨਰ ਤੇ ਰੱਖਿਆ ਮਾਮਲਿਆਂ ਦੇ ਮਾਹਿਰ ਜੀ. ਪਾਰਥਾਸਾਰਥੀ ਨੇ ਵੀ ਇਸ ਗੱਲ ਦੀ ਹਾਮੀ ਭਰੀ ਕਿ ਭਾਰਤ ਕੋਲ ਪਾਕਿਸਤਾਨ ਖ਼ਿਲਾਫ਼ ਕਾਰਵਾਈ ਦੇ ਕਈ ਬਦਲ ਮੌਜੂਦ ਹਨ। ਸਿਆਸੀ ਲੀਡਰਸ਼ਿਪ ਨੂੰ ਸਮੇਂ ਤੇ ਕਾਰਵਾਈ ਬਾਰੇ ਤੈਅ ਕਰਨਾ ਹੋਵੇਗਾ। ਉਨ੍ਹਾਂ ਕਿਹਾ ਕਿ ਪਾਕਿਤਸਾਨ ਨੂੰ ਸਖ਼ਤ ਸੁਨੇਹਾ ਦੇਣ ਦੀ ਲੋੜ ਹੈ।

## ਟੈਕਸਸ ’ਚ ਭਾਰਤੀ ਮੂਲ ਦੇ ਅਮਰੀਕੀ ਜੋੜੇ ਦੀਆਂ ਲਾਸ਼ਾਂ ਮਿਲੀਆਂ

**ਹਿਊਸਟਨ–** ਅਮਰੀਕੀ ਸੂਬੇ ਟੈਕਸਸ ਦੇ ਸ਼ੂਗਰ ਲੈਂਡ ਦੇ ਅਪਾਰਟਮੈਂਟ ਅੰਦਰ ਭਾਰਤੀ ਮੂਲ ਦੇ ਜੋੜੇ ਦੀਆਂ ਲਾਸ਼ਾਂ ਮਿਲੀਆਂ ਹਨ।



ਇਹ ਮਾਮਲਾ ਹੱਤਿਆ ਮਗਰੋਂ ਖੁਦਕੁਸ਼ੀ ਦਾ ਜਾਪ ਰਿਹਾ ਹੈ। ਸੋਮਵਾਰ ਨੂੰ ਸਵੇਰੇ ਛੇ ਵਜੇ ਸ਼ੂਗਰ ਲੈਂਡ ਸਥਿਤ ਇਸ ਘਰ ’ਚ ਪੁਲੀਸ ਅਧਿਕਾਰੀ ਪਹੁੰਚੇ ਜਿਥੇ ਉਨ੍ਹਾਂ ਨੂੰ ਸ੍ਰੀਨਿਵਾਸ ਨਕੀਰੇਕਾਂਤੀ (51) ਅਤੇ ਉਸ ਦੀ ਪਤਨੀ ਸ਼ਾਂਤੀ ਨਕੀਰੇਕਾਂਤੀ (46) ਦੀਆਂ ਲਾਸ਼ਾਂ ਬਰਾਮਦ ਹੋਈਆਂ। ਉਨ੍ਹਾਂ ਕਿਹਾ ਕਿ ਸ਼ਾਂਤੀ ਦੇ ਸਿਰ ’ਤੇ ਗੋਲੀ ਲੱਗਣ ਦੇ ਨਿਸ਼ਾਨ ਸਨ। ਪੁਲੀਸ ਨੇ ਦੱਸਿਆ ਕਿ ਸ੍ਰੀਨਿਵਾਸ ਦੀ ਲਾਸ਼ ਬੈਂਡਰੂਮ ’ਚ ਸੀ ਅਤੇ ਉਸ ਦੀ ਛਾਤੀ ’ਤੇ ਗੋਲੀ ਲੱਗਣ ਦੇ ਨਿਸ਼ਾਨ ਸਨ ਅਤੇ ਨੇੜੇ ਹੀ ਬੰਦੂਕ ਪਈ ਸੀ। ਉਨ੍ਹਾਂ ਦੱਸਿਆ ਕਿ ਮੁੱਢਲੀ ਜਾਂਚ ਤੋਂ ਜਾਪਦਾ ਹੈ ਕਿ ਸ੍ਰੀਨਿਵਾਸ ਨੇ ਪਹਿਲਾਂ ਸ਼ਾਂਤੀ ਦੇ ਗੋਲੀ ਮਾਰ ਕੇ ਹੱਤਿਆ ਕੀਤੀ ਅਤੇ ਫਿਰ ਖੁਦ ਨੂੰ ਗੋਲੀ ਮਾਰ ਲਈ। ਅਧਿਕਾਰੀਆਂ ਮੁਤਾਬਕ ਘਟਨਾ ਵੇਲੇ 16 ਵਰ੍ਹਿਆਂ ਦੀ ਲੜਕੀ ਘਰ ’ਚ ਸੁੱਤੀ ਪਈ ਸੀ। ਸ਼ੂਗਰ ਲੈਂਡ ਸਿਟੀ ਦੇ ਤਰਜਮਾਨ ਡੱਗ ਅਡੋਲਫ ਨੇ ਕਿਹਾ ਕਿ ਲੜਕੀ ਠੀਕ-ਠਾਕ ਹੈ ਅਤੇ ਉਹ ਕਰੀਬੀਆਂ ਦੇ ਨਾਲ ਹੈ। ਜਾਣਕਾਰਾਂ ਨੇ ਦੱਸਿਆ ਕਿ ਜੋੜੇ ਦਾ 21 ਵਰ੍ਹਿਆਂ ਦਾ ਬੇਟਾ ਵੀ ਹੈ ਜੋ ਟੈਕਸਸ ਯੂਨੀਵਰਸਿਟੀ ’ਚ ਪੜ੍ਹਦਾ ਹੈ। ਸ਼ੂਗਰ ਲੈਂਡ ਪੁਲੀਸ ਵਿਭਾਗ ਨੇ ਪ੍ਰੈੱਸ ਕਾਨਫਰੰਸ ਕਰਕੇ ਦੱਸਿਆ ਕਿ ਇਹ ਮਾਮਲਾ ਹੱਤਿਆ ਅਤੇ ਫਿਰ ਖੁਦਕੁਸ਼ੀ ਦਾ ਜਾਪਦਾ ਹੈ ਅਤੇ ਮਾਮਲੇ ਦੀ ਜਾਂਚ ਅਜੇ ਜਾਰੀ ਹੈ।

## ਪੁਲਵਾਮਾ ਹਮਲੇ ਪਿੱਛੇ ਪਾਕਿ ਫ਼ੌਜ ਅਤੇ ਆਈ ਐਸ ਆਈ: ਫ਼ੌਜ

**ਸ੍ਰੀਨਗਰ (ਬਿਊਰੋ)–** ਥਲ ਸੈਨਾ ਦੇ ਅਧਿਕਾਰੀ ਨੇ ਦਾਅਵਾ ਕੀਤਾ ਕਿ ਪੁਲਵਾਮਾ ਜ਼ਿਲ੍ਹੇ ’ਚ ਸੀਆਰਪੀਐਫ ਦੇ ਕਾਫ਼ਲੇ ’ਤੇ ਕੀਤੇ ਗਏ ਭਿਆਨਕ ਹਮਲੇ ’ਚ ਪਾਕਿਸਤਾਨੀ ਫ਼ੌਜ ਅਤੇ ਉਸ ਦੀ ਖ਼ੁਫੀਆ ਏਜੰਸੀ ਆਈਐਸਆਈ ਦਾ ਹੱਥ ਹੈ। ਉਨ੍ਹਾਂ ਸਾਫ਼ ਸ਼ਬਦਾਂ ’ਚ ਸੁਨੇਹਾ ਦਿੱਤਾ ਕਿ ਕਸ਼ਮੀਰ ’ਚ ਬੰਦੂਕ ਉਠਾਉਣ ਵਾਲਿਆਂ ਦਾ ਖ਼ਾਤਮਾ ਕਰ ਦਿੱਤਾ ਜਾਵੇਗਾ।

ਸ੍ਰੀਨਗਰ ਆਧਾਰਿਤ 15 ਕੋਰ ਦੇ ਜੀਓਸੀ ਲੈਫਟੀਨੈਂਟ ਜਨਰਲ ਕੇ ਜੇ ਐਸ ਢਿੱਲੋਂ ਨੇ ਪ੍ਰੈੱਸ ਕਾਨਫ਼ਰੰਸ ਦੌਰਾਨ ਕਿਹਾ,’’ਪੁਲਵਾਮਾ ’ਚ 14 ਫਰਵਰੀ ਨੂੰ ਦਹਿਸ਼ਤੀ ਹਮਲੇ ਦੇ 100 ਘੰਟਿਆਂ ਅੰਦਰ ਹੀ ਕਸ਼ਮੀਰ ’ਚ ਜੈਸ਼-ਏ-ਮੁਹੰਮਦ ਦੀ ਲੀਡਰਸ਼ਿਪ ਨੂੰ ਮੁਕਾ ਦਿੱਤਾ ਗਿਆ ਹੈ।’’ ਉਨ੍ਹਾਂ ਨਾਲ ਕਸ਼ਮੀਰ ਦੇ ਆਈਜੀ ਐਸ ਪੀ ਪਾਨੀ ਅਤੇ ਸੀਆਰਪੀਐਫ ਦੇ ਆਈਜੀ ਜ਼ੁਲਫਿਕਾਰ ਹਸਨ ਵੀ ਹਾਜ਼ਰ ਸਨ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਨਰਲ ਢਿੱਲੋਂ ਨੇ ਦੱਸਿਆ ਕਿ ਜੈਸ਼-ਏ-ਮੁਹੰਮਦ ਪਾਕਿਸਤਾਨੀ ਫ਼ੌਜ ਦੀ ਕਾਢ ਹੈ ਅਤੇ ਉਹ ਆਈਐਸਆਈ ਨਾਲ ਮਿਲ ਕੇ ਜੈਸ਼ ਨੂੰ ਕੰਟਰੋਲ ਕਰਦੇ ਹਨ। ਉਨ੍ਹਾਂ ਕਿਹਾ,’’ਪੁਲਵਾਮਾ ਦਹਿਸ਼ਤੀ ਹਮਲੇ ਪਿੱਛੇ ਪਾਕਿਸਤਾਨੀ ਫ਼ੌਜ ਦੀ ਸ਼ਮੂਲੀਅਤ 100 ਫ਼ੀਸਦੀ ਹੈ ਅਤੇ ਇਸ ’ਚ ਕੋਈ ਸ਼ੱਕ ਨਹੀਂ ਹੈ।’’



ਫ਼ੌਜੀ ਅਧਿਕਾਰੀ ਨੇ ਦਹਿਸ਼ਤਗਰਦਾਂ ਨਾਲ ਰਲਣ ਵਾਲੇ ਕਸ਼ਮੀਰੀ ਨੌਜਵਾਨਾਂ ਦੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਦੇ ਆਤਮਸਮਰਪਣ ਲਈ ਉਨ੍ਹਾਂ ਨੂੰ ਮਨਾਉਣ ਜਾਂ ਫਿਰ ਖ਼ਾਤਮੇ ਦਾ ਸਾਹਮਣਾ ਕਰਨ ਲਈ ਤਿਆਰ ਰਹਿਣ। ’ਮੈਂ ਕਸ਼ਮੀਰੀ ਨੌਜਵਾਨਾਂ ਦੇ ਮਾਪਿਆਂ ਖਾਸ ਕਰਕੇ ਮਾਵਾਂ ਨੂੰ ਆਖਣਾ ਚਾਹੁੰਦਾ ਹਾਂ ਕਿ ਉਹ ਆਪਣੇ ਪੁੱਤਰਾਂ ਨੂੰ ਆਤਮਸਮਰਪਣ ਲਈ ਰਾਜ਼ੀ ਕਰਵਾ ਕੇ ਮੁੱਖ ਧਾਰਾ ਨਾਲ ਜੋੜਨ। ਜਿਸ ਕਿਸੇ ਨੇ ਵੀ ਕਸ਼ਮੀਰ ’ਚ ਬੰਦੂਕ ਉਠਾਈ ਹੈ, ਜੇਕਰ ਉਸ ਨੇ ਆਤਮਸਮਰਪਣ ਨਾ ਕੀਤਾ ਤਾਂ ਉਸ ਦਾ ਖ਼ਾਤਮਾ ਕਰ ਦਿੱਤਾ ਜਾਵੇਗਾ। ਇਹ ਸਪੱਸ਼ਟ ਸੁਨੇਹਾ ਵੀ ਹੈ ਅਤੇ ਸਾਰਿਆਂ ਨੂੰ ਬੇਨਤੀ ਵੀ ਹੈ।’

ਸੋਮਵਾਰ ਦੇ ਅਪਰੇਸ਼ਨ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਕਿਹਾ ਕਿ ਕਸ਼ਮੀਰ ਵਾਦੀ ’ਚ ਜੈਸ਼ ਦੇ ਕਮਾਂਡਰ ਕਾਮਰਾਨ ਸਮੇਤ ਤਿੰਨ ਦਹਿਸ਼ਤਗਰਦ ਮਾਰੇ ਗਏ ਹਨ। ਪੁਲਵਾਮਾ ਹਮਲੇ ਬਾਰੇ ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦਾ ਹਮਲਾ ਪਹਿਲਾਂ ਕਦੇ ਨਹੀਂ ਹੋਇਆ ਸੀ। ਉਂਜ ਸੀਰੀਆ, ਅਫ਼ਗਾਨਿਸਤਾਨ ਅਤੇ ਪਾਕਿਸਤਾਨ ਵਰਗੇ ਮੁਲਕਾਂ ’ਚ ਅਜਿਹੀਆਂ ਘਟਨਾਵਾਂ ਵਾਪਰਦੀਆਂ ਰਹੀਆਂ ਹਨ। ਲੈਫ਼ਟੀਨੈਂਟ ਜਨਰਲ ਨੇ ਕਿਹਾ ਕਿ ਦਹਿਸ਼ਤਗਰਦਾਂ ਵੱਲੋਂ ਇਹ ਰਣਨੀਤੀ ਅਪਣਾਏ ਜਾਣ ਨਾਲ ਫ਼ੌਜ ਅਤੇ ਸੁਰੱਖਿਆ ਬਲ ਵੀ ਉਸ ਨਾਲ ਨਜਿੱਠਣ ਲਈ ਤਿਆਰ ਹੋ ਗਏ ਹਨ।

ਸੋਮਵਾਰ ਨੂੰ ਮਾਰੇ ਗਏ ਜੈਸ਼ ਦਹਿਸ਼ਤਗਰਦ ਗਾਜ਼ੀ ਅਬਦੁੱਲ ਰਾਸ਼ਿਦ ਦੇ ਅਫ਼ਗਾਨਿਸਤਾਨ ਨਾਲ ਸਬੰਧਾਂ ਬਾਰੇ ਪੁੱਛੇ ਜਾਣ ’ਤੇ ਜਨਰਲ ਢਿੱਲੋਂ ਨੇ ਕਿਹਾ,’’ਕਈ ਗਾਜ਼ੀ ਆਏ ਅਤੇ ਚਲੇ ਗਏ। ਇਸ ’ਚ ਨਵਾਂ ਕੁਝ ਵੀ ਨਹੀਂ ਹੈ। ਕੋਈ ਵੀ ਗਾਜ਼ੀ ਆਏ ਅਸੀਂ ਉਸ ਨਾਲ ਨਜਿੱਠ ਲਵਾਂਗੇ।’’ ਵਾਦੀ ’ਚ ਬਰਫ਼ਬਾਰੀ ਕਾਰਨ ਕੰਟਰੋਲ ਰੇਖਾ ’ਤੇ ਘੁਸਪੈਠ ਦੀਆਂ ਘਟਨਾਵਾਂ ’ਚ ਕਮੀ ਬਾਰੇ ਉਨ੍ਹਾਂ ਕਿਹਾ ਕਿ ਦਹਿਸ਼ਤਗਰਦਾਂ ਨੇ ਸਾਂਬਾ, ਹੀਰਾਨਗਰ ਅਤੇ ਪਠਾਨਕੋਟ ਸੈਕਟਰਾਂ ਰਾਹੀਂ ਘੁਸਪੈਠ ਦੇ ਨਵੇਂ ਰਾਹ ਤਲਾਸ਼ ਲਏ ਹਨ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜਿਹੜਾ ਵੀ ਨਾਪਾਕ ਮਨਸੂਬਿਆਂ ਨੂੰ ਲੈ ਕੇ ਕਸ਼ਮੀਰ ਵਾਦੀ ’ਚ ਦਾਖ਼ਲ ਹੋਵੇਗਾ, ਉਹ ਜਿਊਂਦਾ ਨਹੀਂ ਬਚੇਗਾ। ਉਨ੍ਹਾਂ ਕਿਹਾ ਕਿ ਕਸ਼ਮੀਰ ਦੇ ਨੌਜਵਾਨਾਂ ਨੂੰ ਵਰਗਲਾਉਣ ਦਾ ਰੁਝਾਨ ਫਿਕਰ ਵਾਲੀ ਗੱਲ ਹੈ ਪਰ ਹੁਣ ਇਸ ’ਚ ਬਦਲਾਅ ਆਉਣਾ ਸ਼ੁਰੂ ਹੋ ਗਿਆ ਹੈ।

SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ

WE PROVIDE ALL TRUCKING RELATED PERMITS AND SERVICES



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

ਐਸੀ ਲਾਲ ਤੁਝ ਬਿਨ ਕਾਉਨ ਕਰੈ॥
ਗਰੀਬ ਨਿਵਾਜ ਗੁਸਈਆਂ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥

# ਸਤਿਗੁਰੂ ਰਵਿਦਾਸ ਜੀ ਦੇ 642ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ



ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 642ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਪਿਟਸਬਰਗ ਵਿਖੇ 24 ਫਰਵਰੀ 2019 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ 22 ਫਰਵਰੀ 2019 (ਦਿਨ ਸ਼ੁੱਕਰਵਾਰ) ਨੂੰ ਪ੍ਰਾਰੰਭ ਹੋਣਗੇ ਅਤੇ 24 ਫਰਵਰੀ 2019 (ਦਿਨ ਐਤਵਾਰ) ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਕੀਰਤਨ ਦੀਵਾਨ ਦੁਪਹਿਰ 2:30 ਵਜੇ ਤੱਕ ਹੋਣਗੇ ਅਤੇ ਵਿਦਵਾਨ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।



**Bihari Lal Chahal**



**Amardeep Chahal and his wife Promila Chahal**

## ਸਮੂਹ ਸ੍ਰੀ ਬਿਹਾਰੀ ਲਾਲ ਚਾਹਲ ਪਰਿਵਾਰ



## ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਘਰ ਦੀ ਸਾਲਾਨਾ ਵਰ੍ਹੇਗੰਢ ਦੀ ਖੁਸ਼ੀ ਵਿਚ ਸ੍ਰੀ ਅਖੰਡ ਪਾਠ ਸਾਹਿਬ ਸਾਹਿਬ 22 ਫਰਵਰੀ 2019 ਦਿਨ ਸ਼ੁੱਕਰਵਾਰ ਨੂੰ ਆਰੰਭ ਹੋਣਗੇ ਅਤੇ 24 ਫਰਵਰੀ 2019 ਦਿਨ ਐਤਵਾਰ ਨੂੰ ਭੋਗ ਪਾਏ ਜਾਣਗੇ। 24 ਫਰਵਰੀ ਨੂੰ ਇਸ ਮੌਕੇ ਮਹਾਨ ਕੀਰਤਨ ਦਰਬਾਰ ਸਜਾਏ ਜਾਣਗੇ ਜੀ, ਜਿਸ ਵਿਚ ਪੰਥ ਪ੍ਰਸਿੱਧ ਰਾਗੀ/ਢਾਡੀ ਜਥੇ ਹਰਿ ਜਸ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ ਜੀ।

ਸੇਵਾ ਪਰਿਵਾਰਾਂ ਵਲੋ ਆਪ ਸਭ ਨੂੰ ਬੇਨਤੀ ਹੈ ਕਿ ਇਸ ਸ਼ੁੱਭ ਮੌਕੇ ਤੇ ਹਾਜਰੀ ਲਗਵਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

**ਹੋਰ ਜਾਣਕਾਰੀ ਲਈ ਸੰਪਰਕ ਕਰੋ:**

ਦਲਵਿੰਦਰ ਰੱਲ੍ਹ (ਪ੍ਰਧਾਨ) 530-933-3938
ਸ਼ਿੰਗਾਰਾ ਸਿੰਘ ਰੱਲ੍ਹ (ਜਨਰਲ ਸਕੱਤਰ) 530-713-1823
ਸ੍ਰੀ ਰਾਮ ਸੇਵਕ ਭਾਟੀਆ (ਹੈਡ ਕੈਸ਼ੀਅਰ) 530-682-3612
ਸ੍ਰੀ ਪ੍ਰਸ਼ੋਤਮ ਸੂਦ (ਚੇਅਰਮੈਨ) 530-845-4508
ਸ੍ਰੀ ਜਸਪਾਲ ਜੱਸਲ (ਵਾਈਸ ਕੈਸ਼ੀਅਰ) 510-894-9653
ਵਿਜੇ ਸਰੋਆ (ਟਰੱਸਟੀ)

SHRI GURU RAVIDASS TEMPLE 1480 HAYNE AVE YUBA CITY CA 95993

# ਬੱਚੇ ਦੇ ਜਨਮ ਦਿਨ ਦੀ ਖੁਸ਼ੀ ਵਿਚ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਕੀਤੀ



**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੇ ਬੜੇ ਹੀ ਸ਼ਰਧਾਲੂ ਪਰਿਵਾਰ ਸ. ਰਘਵੀਰ ਸਿੰਘ ਜੀ ਧਾਲੀਵਾਲ, ਬੀਬੀ ਪਰਮਜੀਤ ਕੌਰ ਧਾਲੀਵਾਲ, ਸ. ਕੁਲਦੀਪ ਸਿੰਘ ਧਾਲੀਵਾਲ, ਬੀਬੀ ਖੁਸ਼ਦੀਪ ਕੌਰ ਧਾਲੀਵਾਲ ਵੱਲੋਂ ਆਪਣੇ ਬੇਟੇ ਕਾਕਾ ਗੁਰਦਿੱਤ ਸਿੰਘ ਧਾਲੀਵਾਲ ਦੇ ਜਨਮ ਦਿਨ ਦੀ ਖੁਸ਼ੀ ਵਿਚ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਕੀਤੀ ਗਈ। ਜਿਸ ਵਿਚ 15 ਫਰਵਰੀ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਗਏ, ਜਿਹਨਾਂ ਦੇ ਭੋਗ 17 ਫਰਵਰੀ ਦਿਨ ਐਤਵਾਰ ਨੂੰ ਪਾਏ ਗਏ। ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਗੁਰੂ ਘਰ ਦੇ ਹਜ਼ੂਰੀ ਜਥੇ ਭਾਈ ਪ੍ਰਿਤਪਾਲ ਸਿੰਘ ਜੀ, ਬੀਬੀ ਲੋਚਨਾ ਰਾਏ, ਭਾਈ ਹੀਰਾ ਸਿੰਘ ਜੀ ਨੇ ਹਰ ਜੱਸ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਗੁਰਦੀਪ ਸਿੰਘ ਹੀਰਾ ਨੇ ਸਟੇਜ ਸੈਕਟਰੀ ਦੀ ਸੇਵਾ ਨਿਭਾਉਂਦੇ ਹੋਏ ਆਪਣੀਆਂ ਕਵਿਤਾਵਾਂ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਧਾਲੀਵਾਲ ਪਰਿਵਾਰ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਗਏ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਦਲਵਿੰਦਰ ਰੱਲ੍ਹ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਫਲਗੁਣ ਮਹੀਨੇ ਦੀ ਸੰਗ੍ਰਾਦਿ ਮਨਾਈ ਗਈ



**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਫਲਗੁਣ ਮਹੀਨੇ ਦੀ ਸੰਗਾਦਿ ਮਿਤੀ 13 ਫਰਵਰੀ ਦਿਨ ਬੁੱਧਵਾਰ ਨੂੰ ਸ਼ਾਮ ਦੇ ਦੀਵਾਨਾਂ ਵਿਚ ਮਨਾਈ ਗਈ, ਜਿਸ ਵਿਚ ਸ਼ਾਮ ਨੂੰ ਸ੍ਰੀ ਸੁਖਮਨੀ ਸਾਹਿਬ ਜੀ, ਸ੍ਰੀ ਰਹਿਰਾਸ ਸਾਹਿਬ ਜੀ, ਬਾਹਰਾ ਮਾਹਾ ਮਾਝ ਮਹੱਲਾ 4 ਬਾਣੀਆਂ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਭਾਈ ਪ੍ਰਿਤਪਾਲ ਸਿੰਘ ਜੀ ਦੇ ਜਥੇ ਨੇ ਹਰ ਜੱਸ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਸਮਾਗਮ ਦੀ ਸੇਵਾ ਸਵਰਗਵਾਸੀ ਸ੍ਰੀ ਹਰਬਲਾਸ ਰੱਲ੍ਹ (ਸਵਰਗਵਾਸੀ) ਅਤੇ ਮਾਤਾ ਅਮਰ ਕੌਰ ਜੀ ਦੇ ਪੁੱਤਰ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰੀ ਦਲਵਿੰਦਰ ਰੱਲ੍ਹ, ਬੀਬੀ ਰੇਸ਼ਮੋ ਰੱਲ੍ਹ ਜੀ (ਅਜੈ ਰੱਲ੍ਹ, ਖੁਸ਼ਬੋ ਰੱਲ੍ਹ, ਟੋਨੀ ਰੱਲ੍ਹ) ਪਰਿਵਾਰ ਵੱਲੋਂ ਕੀਤੀ ਗਈ। ਸ੍ਰੀ ਰਾਮ ਸੇਵਕ ਭਾਟੀਆ (ਹੈਡ ਕੈਸ਼ੀਅਰ ਗੁਰੂ ਘਰ) ਨੇ ਸਟੇਜ ਸੈਕਟਰੀ ਦੀ ਸੇਵਾ ਨਿਭਾਈ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਦਲਵਿੰਦਰ ਰੱਲ੍ਹ (ਪ੍ਰਧਾਨ) ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਦਲਵਿੰਦਰ ਰੱਲ੍ਹ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

‘ਦੇਸ਼ ਦੁਆਬਾ’ ‘ਅੰਬੇਦਕਰ ਟਾਈਮਜ਼’
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com www.ambedkartimes.com

ਬੇਗਮਪੁਰਾ ਸਹਰ ਕੋ ਨਾਉ॥ ਦੂਖ ਅੰਦੋਹ ਨਹੀਂ ਤਿਹਿ ਠਾਉ॥

# ਸਤਿਗੁਰੂ ਰਵਿਦਾਸ ਜੀ ਦੇ 642ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ





Avtar Singh Bains and his wife Debho Bains

## Debho Bains

Former Chairperson
Sri Guru Ravidass Sabha Pittsburg CA

## Avtar Singh Bains

Former Treasurer
Sri Guru Ravidass Sabha Pittsburg CA

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 641ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਪਿਟਸਬਰਗ ਵਿਖੇ 3 ਫਰਵਰੀ 2019 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ 1 ਫਰਵਰੀ 2019 (ਦਿਨ ਸ਼ੁੱਕਰਵਾਰ) ਨੂੰ ਪ੍ਰਾਰੰਭ ਹੋਣਗੇ ਅਤੇ 3 ਫਰਵਰੀ 2019 (ਦਿਨ ਐਤਵਾਰ) ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਕੀਰਤਨ ਦੀਵਾਨ ਦੁਪਹਿਰ 2:30 ਵਜੇ ਤੱਕ ਹੋਣਗੇ ਅਤੇ ਵਿਦਵਾਨ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।



ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ ॥
ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥1॥

# ਸਤਿਗੁਰੂ ਰਵਿਦਾਸ ਜੀ ਦੇ 642ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 642ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਪਿਟਸਬਰਗ ਵਿਖੇ 24 ਫਰਵਰੀ 2019 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ 22 ਫਰਵਰੀ 2019 (ਦਿਨ ਸ਼ੁੱਕਰਵਾਰ) ਨੂੰ ਪ੍ਰਾਰੰਭ ਹੋਣਗੇ ਅਤੇ 24 ਫਰਵਰੀ 2019 (ਦਿਨ ਐਤਵਾਰ) ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਕੀਰਤਨ ਦੀਵਾਨ ਦੁਪਹਿਰ 2:30 ਵਜੇ ਤੱਕ ਹੋਣਗੇ ਅਤੇ ਵਿਦਵਾਨ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।




## ਬੇਨਤੀ ਕਰਤਾ– Kashmir Bali and family

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਵੱਲੋਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 642ਵਾਂ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਪੂਰਵਕ ਹਰ ਸਾਲ ਦੀ ਤਰ੍ਹਾਂ ਇਸ ਵਾਰ ਦਿਨ ਐਤਵਾਰ, 31 ਮਾਰਚ, 2019 ਨੂੰ 31252 Veasy Street Union City California, 94587 ਵਿਖੇ ਮਨਾਇਆ ਜਾ ਰਿਹਾ ਹੈ। ਆਪ ਸਭ ਸਮੂਹ ਸੰਗਤਾਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਸਭ ਪਰਿਵਾਰ ਅਤੇ ਦੋਸਤਾਂ-ਮਿੱਤਰਾਂ, ਰਿਸ਼ਤੇਦਾਰਾਂ ਸਮੇਤ ਇਸ ਸ਼ੁਭ ਦਿਹਾੜੇ ਤੇ ਹਾਜ਼ਰੀ ਲਗਵਾ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।





**ਵਿਨੋਦ ਕੁਮਾਰ ਚੁੰਬਰ**

**510-953-9800**

ਚੇਅਰਮੈਨ
ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ)


INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..




ਕਸ਼ਮੀਰ ਸਿੰਘ ਹੀਰਾ




ਬਰਿੰਦਰ ਬੰਗੜ

Super Eyebrow Threading Now Open
Eyebrow Threading & Henna Tattoo
7 times, Get 8th one free!



Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD. # 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com

Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।



ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138





# DHAN DHAN SRI GURU RAVIDASS JI

## BOLE' SO NIRBHAY!

## GURU RAVIDASS MAHARAJ KI JAI!

**(CONGRATULATIONS)**

It is my pleasure and honor to convey my heartiest congratulations to the entire Sangat on the auspicious occasion of celebrating 642nd PRAKASH UTSAV of Guru Ravidass Ji Maharaj at our temple in Pittsburg, (California) on February 24, 2019.


Sri Guru Ravidass Ji, through his spiritual attainments emerged as the greatest source of Divine light and inspiration during the darkest period of human civilization when deeply rooted forces of prejudices and social injustice against the down trodden sections of society, had caused degeneration and fragmentation in the entire social structure of India. Guru Ravidass Ji, Guru Nanak Dev Ji and Satguru Kabir Ji who were contemporaries and the pioneers of the Bhagti Movement, showed the right path of righteousness to the entire humanity against the barriers or limitations created by man himself.

Today when the whole world has been overtaken by cult of violence, social divisiveness and extremism, undermining the very foundations and structure of human values, the teachings of Guru Ravidass Ji are very relevant for universal spirit of humanism.

Babasaheb Dr. B.R. Ambedkar, symbol of social liberation sacrificed his entire life with undaunted determination for the rights of those who had been suffering for centuries at the hands of Manuwadi social order. The vision of Babasaheb was fully supported by his contemporary Babu Mangu Ram Muggowalia Ji, freedom fighter and founder of Ad-Dharm movement. It was Saheb Shri Kanshi Ram Ji who rejuvenated Babasaheb's dreams and mission in the modern era.

I congratulate and applaud the Managing Committee and the devoted Sangat of Pittsburg Guru Ghar for their sustained and untiring efforts for keeping up the glory of our first Guru Ghar established in North America.

**O. P. Balley & Family**
**Founder Member of Sri Guru Ravidass Sabha Pittsburg (CA)**



O.P. Balley



ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ ॥
ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥1॥

# ਸਤਿਗੁਰੂ ਰਵਿਦਾਸ ਜੀ ਦੇ 642ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 642ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਪਿਟਸਬਰਗ ਵਿਖੇ 24 ਫਰਵਰੀ 2019 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ 22 ਫਰਵਰੀ 2019 (ਦਿਨ ਸ਼ੁੱਕਰਵਾਰ) ਨੂੰ ਪ੍ਰਾਰੰਭ ਹੋਣਗੇ ਅਤੇ 24 ਫਰਵਰੀ 2019 (ਦਿਨ ਐਤਵਾਰ) ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਕੀਰਤਨ ਦੀਵਾਨ ਦੁਪਹਿਰ 2:30 ਵਜੇ ਤੱਕ ਹੋਣਗੇ ਅਤੇ ਵਿਦਵਾਨ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।



ਸ੍ਰੀਮਤੀ ਕਮਲਜੀਤ ਭਾਟੀਆ ਅਤੇ ਸ੍ਰੀ ਕਸ਼ਮੀਰੀ ਭਾਟੀਆ

**ਬੇਨਤੀ ਕਰਤਾ- ਪ੍ਰਧਾਨ ਕਸ਼ਮੀਰੀ ਭਾਟੀਆ (408) 460-0262**

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 642ਵਾਂ ਗੁਰਪੁਰਬ ਮਨਾਇਆ

## ਨਾਮਵਰ ਗਾਇਕਾ ਅੰਮ੍ਰਿਤਾ ਵਿਰਕ ਨੇ ਧਾਰਮਿਕ ਗੀਤਾਂ ਨਾਲ ਸੰਗਤਾਂ ਨੂੰ ਕੀਤਾ ਨਿਹਾਲ


















All pictures by Prem K. Chumber





# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 642ਵਾਂ ਗੁਰਪੁਰਬ ਮਨਾਇਆ

## ਨਾਮਵਰ ਗਾਇਕਾ ਅੰਮ੍ਰਿਤਾ ਵਿਰਕ ਨੇ ਧਾਰਮਿਕ ਗੀਤਾਂ ਨਾਲ ਸੰਗਤਾਂ ਨੂੰ ਕੀਤਾ ਨਿਹਾਲ

ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਘਰ ਦਾ ਸਥਾਪਨਾ ਦਿਵਸ 24 ਫਰਵਰੀ 2019 ਨੂੰ ਮਨਾਇਆ ਜਾਵੇਗਾ ਅਤੇ ਸ੍ਰੀ ਗੁਰੂ ਰਵਿਦਾਸ ਜੀ ਦਾ 642ਵਾਂ ਪ੍ਰਕਾਸ਼ ਦਿਹਾੜਾ 3 ਮਾਰਚ ਨੂੰ ਮਨਾਇਆ ਜਾਵੇਗਾ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਆਪ ਸਭ ਹੁੰਮ-ਹੁੰਮਾ ਕੇ ਗੁਰੂ ਘਰ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।














All pictures by Prem K. Chumber
















## ਸ਼੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਵਿਖੇ ਸ਼੍ਰੀ ਗੁਰੂ ਰਵਿਦਾਸ ਜੀ ਦੇ 642ਵੇ ਪ੍ਰਕਾਸ਼ ਪੁਰਬ ਅਤੇ 19ਵੇ ਮਹਾਨ ਨਗਰ ਕੀਰਤਨ ਨੂੰ ਸਮਰਪਿਤ 9ਵੇਂ ਸ਼੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਸ਼੍ਰੀ ਕਰਨੈਲ ਵਿਰਕ, ਬੀਬੀ ਜਸਵਿੰਦਰ ਕੌਰ ਵਿਰਕ ਅਤੇ ਸਮੂੰਹ ਵਿਰਕ, ਚੌਹਾਨ ਅਤੇ ਦੁੱਗਲ ਪਰਿਵਾਰ ਵਲੋਂ ਹੋਈ







ਸਬੰਧਤ ਖਬਰ ਦੇਖੋ ਸਫਾ 9 'ਤੇ







ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 642ਵਾਂ ਗੁਰਪੁਰਬ ਦਿਹਾੜਾ ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ), ਰਿਓਲਿੰਡਾ, ਸੇਲਮਾ ਅਤੇ ਹੋਰ ਸ੍ਰੀ ਗੁਰੂ ਰਵਿਦਾਸ ਸਭਾਵਾਂ ਵੱਲੋਂ ਮਨਾਏ ਜਾਣ ਅਤੇ ਗੁਰੂ ਪਿਆਰੀ ਸਮੂਹ ਸਾਧ ਸੰਗਤ ਨੂੰ ਗੁਰਪੁਰਬ ਦੀ **ਲੱਖ-ਲੱਖ ਵਧਾਈ** ਹੋਵੇ ਜੀ

**ਕੇਵਲ ਬੋਲੀਨਾ**
**ਅਤੇ ਸਮੂਹ ਬੋਲੀਨਾ ਪਰਿਵਾਰ**



ਆਓ ਆਪਾਂ ਸਾਰੇ ਆਪਣੀ ਜ਼ਿੰਦਗੀ ਦੇ ਹਰ ਕਿਸਮ ਦੇ ਰੁਝੇਵਿਆਂ 'ਚੋਂ ਵਕਤ ਕੱਢਦੇ ਹੋਏ 24 ਫਰਵਰੀ (ਦਿਨ ਐਤਵਾਰ) ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਅਤੇ ਸ੍ਰੀ ਗੁਰੂ ਰਵਿਦਾਸ ਗੁਰੂ ਘਰ, ਸੇਲਮਾ ਵਿਖੇ ਹਾਜ਼ਰੀਆਂ ਭਰਦੇ ਹੋਏ ਸਤਿਗੁਰੂ ਦਾ ਆਸ਼ੀਰਵਾਦ ਪ੍ਰਾਪਤ ਕਰੀਏ ਅਤੇ ਗੁਰੂ ਰੂਪੀ ਸੰਗਤ ਦੇ ਦੀਦਾਰ-ਏ-ਦਰਸ਼ਨ ਕਰਦੇ ਹੋਏ ਪਹੁੰਚ ਰਹੇ ਰਾਗੀ ਜਥਿਆਂ, ਕਥਾ ਵਾਚਕ ਅਤੇ ਬੁਲਾਰਿਆਂ ਦੇ, ਸ਼ਬਦ ਗਾਇਨ, ਕਥਾ ਅਤੇ ਵਿਚਾਰਾਂ ਨੂੰ ਸਰਵਣ ਕਰੀਏ ਜੀ।



## ਸ੍ਰੀ ਨਰਿੰਦਰ ਚਾਹਲ, ਸ੍ਰੀਮਤੀ ਜਸਵੀਰ ਚਾਹਲ ਅਤੇ ਅਤੇ ਸਮੂਹ ਚਾਹਲ ਪਰਿਵਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 642ਵੇਂ ਗੁਰਪੁਰਬ ਦਿਹਾੜੇ ਦੇ ਮੌਕੇ ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਅਤੇ ਗੁਰੂ ਪਿਆਰੀ ਸਮੂਹ ਸਾਧ ਸੰਗਤ ਨੂੰ ਲੱਖ-ਲੱਖ ਵਧਾਈ ਹੋਵੇ ਜੀ।

# ਨਰਿੰਦਰ ਚਾਹਲ ਅਤੇ ਸਮੂਹ ਚਾਹਲ ਪਰਿਵਾਰ

ਆਓ ਆਪਾਂ ਸਾਰੇ ਆਪਣੀ ਜ਼ਿੰਦਗੀ ਦੇ ਹਰ ਕਿਸਮ ਦੇ ਰੁਝੇਵਿਆਂ 'ਚੋਂ ਵਕਤ ਕੱਢਦੇ ਹੋਏ 24 ਫਰਵਰੀ (ਦਿਨ ਐਤਵਾਰ) ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਵਿਖੇ ਹਾਜ਼ਰੀਆਂ ਭਰਦੇ ਹੋਏ ਸਤਿਗੁਰੂ ਦਾ ਆਸ਼ੀਰਵਾਦ ਪ੍ਰਾਪਤ ਕਰੀਏ ਅਤੇ ਗੁਰੂ ਰੂਪੀ ਸੰਗਤ ਦੇ ਦੀਦਾਰ-ਏ-ਦਰਸ਼ਨ ਕਰਦੇ ਹੋਏ ਪਹੁੰਚ ਰਹੇ ਰਾਗੀ ਜਥਿਆਂ, ਕਥਾ ਵਾਚਕ ਅਤੇ ਬੁਲਾਰਿਆਂ ਦੇ, ਸ਼ਬਦ ਗਾਇਨ, ਕਥਾ ਅਤੇ ਵਿਚਾਰਾਂ ਨੂੰ ਸਰਵਣ ਕਰੀਏ ਜੀ।



ਨਰਿੰਦਰ ਚਾਹਲ ਆਪਣੀ ਧਰਮ ਪਤਨੀ ਜਸਵੀਰ ਚਾਹਲ ਨਾਲ



ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ ॥
ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥1॥

# ਸਤਿਗੁਰੂ ਰਵਿਦਾਸ ਜੀ ਦੇ 642ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 642ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਪਿਟਸਬਰਗ ਵਿਖੇ 24 ਫਰਵਰੀ 2019 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ 22 ਫਰਵਰੀ 2019 (ਦਿਨ ਸ਼ੁੱਕਰਵਾਰ) ਨੂੰ ਪ੍ਰਾਰੰਭ ਹੋਣਗੇ ਅਤੇ 24 ਫਰਵਰੀ 2019 (ਦਿਨ ਐਤਵਾਰ) ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਕੀਰਤਨ ਦੀਵਾਨ ਦੁਪਹਿਰ 2:30 ਵਜੇ ਤੱਕ ਹੋਣਗੇ ਅਤੇ ਵਿਦਵਾਨ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।



# ਸਲਿੰਦਰ ਭਾਟੀਆ, (ਸਾਬਕਾ ਪ੍ਰਧਾਨ, ਸ੍ਰੀ ਗੁਰੂ ਰਵਿਦਾਸ ਸਭਾ, ਪਿਟਸਬਰਗ) ਅਤੇ ਪਰਿਵਾਰ



## ਬੇਗਮਪੁਰਾ ਸਹਰ ਕੋ ਨਾਉ॥ ਦੂਖ ਅੰਦੋਹ ਨਹੀਂ ਤਿਹਿ ਠਾਉ॥

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 642ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਪਿਟਸਬਰਗ ਵਿਖੇ 24 ਫਰਵਰੀ 2019 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ 22 ਫਰਵਰੀ 2019 (ਦਿਨ ਸ਼ੁੱਕਰਵਾਰ) ਨੂੰ ਪ੍ਰਾਰੰਭ ਹੋਣਗੇ ਅਤੇ 24 ਫਰਵਰੀ 2019 (ਦਿਨ ਐਤਵਾਰ) ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਕੀਰਤਨ ਦੀਵਾਨ ਦੁਪਹਿਰ 2:30 ਵਜੇ ਤੱਕ ਹੋਣਗੇ ਅਤੇ ਵਿਦਵਾਨ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।

**ਸਤਿਗੁਰੂ ਰਵਿਦਾਸ ਜੀ ਦੇ 642ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ**


# ਜਗਤਾਰ ਸਿੰਘ ਭਾਟੀਆ

# ਅਤੇ

# ਸਮੂਹ ਭਾਟੀਆ ਪਰਿਵਾਰ



Jagtar Singh Bhatia and his wife



## ਬੇਗਮਪੁਰਾ ਸਹਰ ਕੋ ਨਾਉ॥ ਦੂਖ ਅੰਦੋਹ ਨਹੀਂ ਤਿਹਿ ਠਾਉ॥

## ਸਤਿਗੁਰੂ ਰਵਿਦਾਸ ਜੀ ਦੇ 642ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ


ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 642ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਪਿਟਸਬਰਗ ਵਿਖੇ 24 ਫਰਵਰੀ 2019 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ 22 ਫਰਵਰੀ 2019 (ਦਿਨ ਸ਼ੁੱਕਰਵਾਰ) ਨੂੰ ਪ੍ਰਾਰੰਭ ਹੋਣਗੇ ਅਤੇ 24 ਫਰਵਰੀ 2019 (ਦਿਨ ਐਤਵਾਰ) ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਕੀਰਤਨ ਦੀਵਾਨ ਦੁਪਹਿਰ 2:30 ਵਜੇ ਤੱਕ ਹੋਣਗੇ ਅਤੇ ਵਿਦਵਾਨ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।

# ਸ੍ਰੀ ਸ਼ਿੰਦਰ ਪਾਲ ਨਾਰੇਬਟ

**ਸਾਬਕਾ ਚੇਅਰਮੈਨ, ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ**

# ਅਤੇ

# ਸਮੂਹ ਨਾਰੇਬਟ ਪਰਿਵਾਰ



ਸ੍ਰੀ ਸ਼ਿੰਦਰ ਪਾਲ ਨਾਰੇਬਟ ਆਪਣੀ ਧਰਮ ਪਤਨੀ ਨਾਲ

ਐਸੀ ਲਾਲ ਤੁਝ ਬਿਨ ਕਾਉਨ ਕਰੈ॥ ਗਰੀਬ ਨਿਵਾਜ ਗੁਸਈਆਂ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥

# ਸਤਿਗੁਰੂ ਰਵਿਦਾਸ ਜੀ ਦੇ 642ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 642ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਪਿਟਸਬਰਗ ਵਿਖੇ 24 ਫਰਵਰੀ 2019 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ 22 ਫਰਵਰੀ 2019 (ਦਿਨ ਸ਼ੁੱਕਰਵਾਰ) ਨੂੰ ਪ੍ਰਾਰੰਭ ਹੋਣਗੇ ਅਤੇ 24 ਫਰਵਰੀ 2019 (ਦਿਨ ਐਤਵਾਰ) ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਕੀਰਤਨ ਦੀਵਾਨ ਦੁਪਹਿਰ 2:30 ਵਜੇ ਤੱਕ ਹੋਣਗੇ ਅਤੇ ਵਿਦਵਾਨ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।



**Ram Saroay**
**Broker/Realtor**
Business License 031035
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983





**Amrik Chand (CPA)**
Phone : 510-490-8200
Fax : 510-490-8202
959 Corporate Way,
Fremont, CA. 94539





ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨ ਦੇਖੇ ॥

# ਸਤਿਗੁਰੂ ਰਵਿਦਾਸ ਜੀ ਦੇ 642ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 642ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਪਿਟਸਬਰਗ ਵਿਖੇ 24 ਫਰਵਰੀ 2019 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ 22 ਫਰਵਰੀ 2019 (ਦਿਨ ਸ਼ੁੱਕਰਵਾਰ) ਨੂੰ ਪ੍ਰਾਰੰਭ ਹੋਣਗੇ ਅਤੇ 24 ਫਰਵਰੀ 2019 (ਦਿਨ ਐਤਵਾਰ) ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਕੀਰਤਨ ਦੀਵਾਨ ਦੁਪਹਿਰ 2:30 ਵਜੇ ਤੱਕ ਹੋਣਗੇ ਅਤੇ ਵਿਦਵਾਨ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।



**Harbans Singh Rattu, Gyan Kaur Rattu, Nirmal Rattu and Hem Raj Rattu**



ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮ ਤੁਮ੍ਹਾਰੇ ਲੇਖੇ ॥
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨ ਦੇਖੇ ॥

# ਸਤਿਗੁਰੂ ਰਵਿਦਾਸ ਜੀ ਦੇ 642ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 642ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਪਿਟਸਬਰਗ ਵਿਖੇ 24 ਫਰਵਰੀ 2019 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ 22 ਫਰਵਰੀ 2019 (ਦਿਨ ਸ਼ੁੱਕਰਵਾਰ) ਨੂੰ ਪ੍ਰਾਰੰਭ ਹੋਣਗੇ ਅਤੇ 24 ਫਰਵਰੀ 2019 (ਦਿਨ ਐਤਵਾਰ) ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਕੀਰਤਨ ਦੀਵਾਨ ਦੁਪਹਿਰ 2:30 ਵਜੇ ਤੱਕ ਹੋਣਗੇ ਅਤੇ ਵਿਦਵਾਨ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।

## Shashi Paul and Family


Shashi Paul with his wife

ਐਸੀ ਲਾਲ ਤੁਝ ਬਿਨ ਕਾਉਨ ਕਰੈ॥ ਗਰੀਬ ਨਿਵਾਜ ਗੁਸਈਆਂ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 642ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਪਿਟਸਬਰਗ ਵਿਖੇ 24 ਫਰਵਰੀ 2019 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ 22 ਫਰਵਰੀ 2019 (ਦਿਨ ਸ਼ੁੱਕਰਵਾਰ) ਨੂੰ ਪ੍ਰਾਰੰਭ ਹੋਣਗੇ ਅਤੇ 24 ਫਰਵਰੀ 2019 (ਦਿਨ ਐਤਵਾਰ) ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਕੀਰਤਨ ਦੀਵਾਨ ਦੁਪਹਿਰ 2:30 ਵਜੇ ਤੱਕ ਹੋਣਗੇ ਅਤੇ ਵਿਦਵਾਨ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।





## ਫਕੀਰ ਚੰਦ ਮਹਿਮੀ ਅਤੇ ਸਮੂਹ ਮਹਿਮੀ ਪਰਿਵਾਰ

# ਬੇਗਮਪੁਰਾ ਸਹਰ ਕਾ ਨਾਉ ...



ਕੇਹਰ ਸ਼ਰੀਫ
+49 173 3546050

ਗੁਰੂ ਰਵਿਦਾਸ ਜੀ ਦਾ ਆਗਮਨ ਉਸ ਸਮੇਂ ਹੋਇਆ ਜਦੋਂ ਸਮਾਜ ਦੇ ਸਮਾਜਕ, ਰਾਜਨੀਤਕ ਹਾਲਤ ਬਹੁਤ ਭੈੜੇ ਸਨ। ਆਪਣੇ ਆਪ ਨੂੰ ਧਾਰਮਕ ਤੇ ਸਮਾਜਕ ਅਖਵਾਉਂਦੇ ਆਗੂ ਚਰਿਤ੍ਰਹੀਣਤਾ ਦੀਆਂ ਨੀਵਾਣਾਂ ਵਿਚ ਵਹਿ ਗਏ ਸਨ। ਰਾਜਸੀ ਸ਼ਕਤੀ ਵੱਡੇ ਜਗੀਰਦਾਰਾਂ, ਭੂਮੀਪਤੀਆਂ ਦੇ ਹੱਥਾਂ ਵਿਚ ਸੀ, ਜੋ ਰਾਜ-ਭਾਗ ਦੇ ਨਸ਼ੇ ਨਾਲ ਗੁੱਟ ਸਨ। ਅਜਿਹੇ ਸਮੇਂ ਜਦੋਂ ਲੋਕ ਕਰਮ-ਕਾਂਡਾਂ ਵਿਚ ਫਸ ਕੇ ਅੰਧ-ਵਿਸ਼ਵਾਸੀ ਹੋ ਚੁੱਕੇ ਸਨ। ਰਾਜਿਆਂ ਤੇ ਅਮੀਰਾਂ ਵਲੋਂ ਗਰੀਬਾਂ, ਨਿਤਾਣਿਆਂ ਉੱਤੇ ਜੋ ਜ਼ੁਲਮ ਹੁੰਦੇ ਸਨ ਉਹ 'ਰੱਬ ਦੀ ਰਜ਼ਾ', 'ਪਿਛਲੇ ਜਨਮਾਂ ਦਾ ਫਲ' ਆਖ ਕੇ ਜਰੀ ਜਾ ਰਹੇ ਸਨ। ਕਿਉਂਕਿ ਚਾਨਣ ਦੀ ਅਣਹੋਂਦ ਉਨ੍ਹਾਂ ਨੂੰ ਹਨੇਰ ਢੋਈ ਜਾਣ ਲਈ ਮਜਬੂਰ ਕਰੀ ਜਾ ਰਹੀ ਸੀ। ਇਸ ਨੂੰ ਮਨੁੱਖੀ ਜ਼ਿੰਦਗੀ ਕਹੀ ਜਾਣਾ ਐਵੇਂ ਦਿਲ ਨੂੰ ਝੂਠਾ ਧਰਵਾਸ ਦੇਣ ਵਾਲੀ ਗੱਲ ਹੀ ਸੀ।

ਭਗਤੀ ਲਹਿਰ ਦਾ ਆਰੰਭ ਅਨਿਆਂ ਅਤੇ ਮਨੁੱਖਾਂ ਦੇ ਦਰਮਿਆਨ ਪਾਈਆਂ ਵੰਡੀਆਂ ਦੇ ਖਿਲਾਫ ਸੀ। ਇਸ ਲਹਿਰ ਦੇ ਆਗੂਆਂ ਵਲੋਂ ਲੋਕਾਂ ਅੰਦਰ ਆਤਮ ਵਿਸ਼ਵਾਸ ਪੈਦਾ ਕਰਨ ਦਾ ਜਤਨ ਕੀਤਾ ਗਿਆ। ਸ਼ੁਰੂ ਵਿਚ ਭਾਵੇਂ ਤੋਰ ਮੱਠੀ ਹੀ ਸੀ ਪਰ ਬਾਅਦ ਵਿਚ ਕਾਫੀ ਲੋਕ ਇਸ ਲਹਿਰ ਨਾਲ ਜੁੜਦੇ ਗਏ। ਇਸੇ ਲਹਿਰ ਅਧੀਨ ਰਾਮਾਨੁਜ ਵਰਗੇ ਬੁੱਧੀਮਾਨ ਵਲੋਂ ਲੋਕਾਂ ਦੀ ਅੰਤਰ ਆਤਮਾ ਨੂੰ ਟੁੰਬਣ ਦਾ ਜਤਨ ਆਰੰਭਣਾਂ ਅਤੇ ਉਸ ਜਤਨ ਨੂੰ ਲਹਿਰ ਬਨਾਉਣ ਵਲ ਵਧਾਉਣਾ ਉਨ੍ਹਾਂ ਦਾ ਜੀਵਨ ਆਦਰਸ਼ ਹੋ ਗਿਆ ਸੀ। ਆਮ ਤੌਰ ਤੇ ਰਾਮਾਨੰਦ ਜੀ ਨੂੰ ਹੀ ਰਵਿਦਾਸ ਜੀ ਦਾ ਗੂਰੂ ਮੰਨਿਆ ਜਾਂਦਾ ਹੈ ਪਰ ਕੁੱਝ ਲੋਕ ਇਸ ਨਾਲ ਸਹਿਮਤ ਨਹੀਂ। ਕਈ ਲੋਕ ਹੋਰ ਗੱਲਾਂ ਵੀ ਲਿਖਦੇ ਹਨ ਜੋ ਮੰਨਣਯੋਗ ਨਹੀਂ। ਭੁਲੇਖਾ ਪਾਊ ਲੋਕ ਤਾਂ ਅਸਲੋਂ ਹੀ ਨਾ ਮੰਨਣਯੋਗ ਰਵਿਦਾਸ ਜੀ ਦੇ ਸਮਕਾਲੀ ਅਤੇ ਗੁਰਭਾਈ ਕਬੀਰ ਜੀ ਨੂੰ ਹੀ ਰਵਿਦਾਸ ਜੀ ਦਾ ਗੁਰੂ ਲਿਖ ਗਏ ਹਨ। ਜਦੋਂ ਕਿ ਕਬੀਰ ਜੀ ਰਾਮਾਨੰਦ ਦੇ 12 ਪ੍ਰਮੁੱਖ ਚੇਲਿਆਂ ਵਿਚੋਂ ਹੀ ਸਨ ਅਤੇ ਗੁਰੂ ਰਵਿਦਾਸ ਜੀ ਤੋਂ ਛੋਟੀ ਉਮਰ ਦੇ ਸਨ। ਗੁਰੂ ਰਵਿਦਾਸ ਜੀ ਅਜਿਹੇ ਦਾਰਸ਼ਨਿਕ ਸਨ ਜਿਨ੍ਹਾਂ ਨੇ ਨਵੀਂ ਸੋਚ ਤੇ ਨਵੇਂ ਫਲਸਫੇ ਨੂੰ ਜਨਮ ਦਿੱਤਾ ਜੋ ਸਮੇਂ ਦੀ ਉਂਗਲ ਫੜਕੇ ਸਮੇਂ ਦੀ ਅਗਵਾਈ ਕਰਦੀ ਸੀ। ਝੂਠੇ ਕਰਮ-ਕਾਂਡਾਂ, ਪਾਖੰਡਾਂ ਤੇ ਅੰਧ ਵਿਸ਼ਵਾਸਾਂ ਤੋਂ ਦੂਰ ਮਨੁੱਖੀ ਮੋਹ ਦਾ ਪ੍ਰਚਾਰ ਕਰਨਾ ਉਸ ਸੋਚ ਦਾ ਮਨੋਰਥ ਸੀ। ਮਨੁੱਖ ਨੂੰ ਉਸਦੀ ਜਨਮ ਜਾਤ, ਬਰਾਦਰੀ ਕਰਕੇ ਨਹੀਂ ਸਗੋਂ ਉਸਦੇ ਕੰਮਾਂ ਕਰਕੇ ਚੰਗਾ ਜਾਂ ਬੁਰਾ, ਖਰਾ ਜਾਂ ਖੋਟਾ ਮਿੱਥਣਾ ਬਣਦਾ ਹੈ। ਅਖੌਤੀ ਉੱਚੀ ਜਾਤ ਬ੍ਰਾਹਮਣ ਆਪਣੇ ਆਪ ਨੂੰ ਰੱਬ ਦੇ ਨੇੜੇ ਦੱਸਦੇ ਸਨ। ਪਰ, ਗੁਰੂ ਰਵਿਦਾਸ ਜੀ ਨੇ ਇਸ ਨੂੰ ਬੇਹੂਦਾ ਦੱਸਦਿਆਂ ਰੱਦ ਕੀਤਾ ਤੇ ਸਾਰੇ ਮਨੁੱਖਾਂ ਦੇ ਬਰਾਬਰ ਹੋਣ ਦੀ ਗੱਲ ਵਾਰ ਵਾਰ ਦੁਹਰਾਈ, ਅਤੇ ਕਿਹਾ:-
ਏਕੇ ਮਾਟੀ ਕੇ ਸਭਿ ਭਾਂਡੇ, ਸਭਕਾ ਏਕੈ ਸਿਰਜਨਹਾਰਾ।

ਇਸ ਕਰਕੇ ਹੀ ਅਖੌਤੀ ਉੱਚ ਜਾਤੀਆਂ ਵਾਲੇ ਕਾਫੀ ਸਾਰੇ ਜੋ ਵੱਡੀਆਂ ਜਾਇਦਾਦਾਂ ਦੇ ਮਾਲਕ ਸਨ ਅਤੇ ਨਾਲ ਹੀ ਰਾਜ ਭਾਗ 'ਤੇ ਵੀ ਕਾਬਜ਼ ਸਨ ਦੇ ਬੇਹੂਦਗੀ ਭਰੇ ਗੁੱਸੇ ਦਾ ਰਵਿਦਾਸ ਜੀ ਨੂੰ ਵਾਰ ਵਾਰ ਸ਼ਿਕਾਰ ਹੋਣਾ ਪਿਆ। ਕਈ ਵਾਰ ਕਰੜੀਆਂ ਪ੍ਰੀਖਿਆਵਾਂ ਵਿਚੋਂ ਗੁਜ਼ਰਨਾ ਪਿਆ ਪਰ ਉਨ੍ਹਾਂ ਨੇ ਕਦੇ ਵੀ ਹੌਸਲਾ ਨਾ ਹਾਰਿਆ ਤੇ ਸੱਚ ਦਾ ਪੱਲਾ ਨਾ ਛੱਡਿਆ। ਸਦਾ ਹੀ ਮੁਸੀਬਤਾਂ ਦਾ ਸਾਹਸ ਅਤੇ ਦਲੇਰੀ ਨਾਲ ਮੁਕਾਬਲਾ ਕੀਤਾ। ਹਰ ਵਾਰ ਹੀ ਹੋਰ ਜ਼ਿਆਦਾ ਲੋਕਾਂ ਦਾ ਵਿਸ਼ਵਾਸ ਜਿੱਤਦੇ ਰਹੇ। ਮਨੂੰ ਵਲੋਂ "ਖੋਜੀ" ਵਰਣ ਵੰਡ (ਮਨੁੱਖਾਂ ਵਿਚਕਾਰ ਵਿਤਕਰੇ ਅਤੇ ਵਿੱਥਾਂ ਵਾਲੀ ਗੈਰ-ਇਨਸਾਨੀ ਬਾਂਦਰ ਵੰਡ) ਦੇ ਆਸਰੇ ਜਾਤ-ਪਾਤ ਵਰਗਾ ਸਮਾਜੀ ਕੋਹੜ ਪੈਦਾ ਹੋਇਆ ਅਤੇ ਇਸਦੇ ਸਦਕਾ ਬ੍ਰਾਹਮਣਵਾਦ (ਸਮਾਜੀ ਕੋਹੜ) ਵਰਗੇ ਭੈੜ ਨੇ ਜਨਮ ਲਿਆ। ਜਿਸ ਬ੍ਰਾਹਮਣਵਾਦ ਨੇ ਝੂਠ ਦੀ ਗੁੰਡਾਗਰਦੀ ਭਰੀ ਦਹਿਸ਼ਤ ਦੇ ਸਹਾਰੇ ਆਮ ਲੋਕਾਂ ਨੂੰ ਗਧੀਗੇੜ 'ਚ ਪਾ ਕੇ ਆਪਣੇ ਤੋਰੀ-ਫੁਲਕੇ ਨੂੰ ਮਹਿਫੂਜ਼ ਰੱਖਿਆ। ਪਰ, ਗੁਰੂ ਸਾਹਿਬ ਦੀ ਤਿੱਖੀ ਸੂਝ ਨੇ ਇਨ੍ਹਾਂ "ਗੁੱਝੇ ਭੇਦਾਂ" ਦੀ ਰਮਜ਼ ਪਛਾਣੀ ਤੇ ਡਟਵਾਂ ਵਿਰੋਧ ਕੀਤਾ। ਇਸ ਸੱਚ ਦੇ ਸਦਕਾ ਹੀ ਕੁੱਝ ਸਮੇਂ ਬਾਅਦ ਗੁਰੂ ਰਵਿਦਾਸ ਜੀ ਨਾਲ ਲੋਕਾਂ ਦੀ ਵੱਧ ਗਿਣਤੀ ਜੁੜਨ ਲੱਗ ਪਈ। ਰਵਿਦਾਸ ਜੀ ਦੇ ਆਗਮਨ ਬਾਰੇ ਭਾਈ ਗੁਰਦਾਸ ਜੀ ਦਸਵੀਂ ਵਾਰ ਵਿਚ ਲਿਖਦੇ ਹਨ :-

ਭਗਤੁ ਭਗਤੁ ਜਗਿ ਵਜਿਆ ਚਹੁ ਚਕਾਂ ਦੇ ਵਿਚਿ ਚਮਿਰੇਟਾ॥
ਪਾਹਣਾ ਗੰਢੇ ਰਾਹ ਵਿਚ ਕੁਲਾ ਧਰਮ ਢੋਇ ਢੋਰ ਸਮੇਟਾ॥
ਜਿਉਂ ਕਰ ਮੈਲੇ ਚੀਥੜੇ ਹੀਰਾ ਲਾਲ ਅਮੋਲ ਪਲੇਟਾ॥
ਚਹੁੰ ਵਰਨਾ ਉਪਦੇਸ ਦਾ ਗਿਆਨ ਧਿਆਨ ਕਰ ਭਗਤ ਸਹੇਟਾ॥

ਭਾਈ ਕਾਹਨ ਸਿੰਘ ਰਵਿਦਾਸ ਜੀ ਬਾਰੇ ਆਪਣੇ 'ਮਹਾਨ ਕੋਸ਼' (ENCYCLOPEDIA OF SIKH LITRATURE) ਵਿਚ ਲਿਖਦੇ ਹਨ, 'ਕਾਸ਼ੀ ਦਾ ਵਸਨੀਕ ਚਮਾਰ, ਜੋ ਰਾਮਾਨੰਦ ਦਾ ਚੇਲਾ ਸੀ। ਇਹ ਗਿਆਨ ਦੇ ਬਲ ਕਰਕੇ ਪਰਮਹੰਸ ਪਦਵੀ ਨੂੰ ਪ੍ਰਾਪਤ ਹੋਇਆ। ਰਵਿਦਾਸ ਕਬੀਰ ਦਾ ਸਮਕਾਲੀ ਸੀ ਇਸ ਨੂੰ ਬਹੁਤ ਪੁਸਤਕਾਂ ਵਿਚ ਰੈਦਾਸ ਵੀ ਲਿਖਿਆ ਹੋਇਆ ਹੈ। ਰਵਿਦਾਸ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ'।

ਕਬੀਰ ਜੀ ਆਪਣੇ ਸਮਕਾਲੀ ਰਵਿਦਾਸ ਜੀ ਬਾਰੇ ਇੰਜ ਲਿਖਦੇ ਹਨ :-

ਹਰਿ ਸੋ ਹੀਰਾ ਛਾਡਿ ਕੇ ਕਰਹਿ ਆਨ ਕੀ ਆਸ ।
ਤੇ ਨਰ ਦੋਜਕ ਜਾਹਿਗੇ ਸਤਿ ਭਾਖੇ ਰਵਿਦਾਸ ॥

ਕਬੀਰ ਜੀ ਨੇ ਆਪਣੀ ਬਾਣੀ ਵਿਚ ਇਹ ਵੀ ਫ਼ਰਮਾਇਆ ਹੈ:-

ਅਵਲਿ ਅਲਹ ਨੂਰ ਉਪਾਇਆ ਕੁਦਰਤਿ ਕੇ ਸਭ ਬੰਦੇ
ਏਕ ਨੂਰ ਤੇ ਸਭ ਜਗ ਉਪਜਿਆ ਕਉਨ ਭਲੇ ਕੋ ਮੰਦੇ ।

ਏਸੇ ਨੂੰ ਹੀ ਰਵਿਦਾਸ ਜੀ ਦੀ ਬਾਣੀ ਵਿਚੋਂ ਦੇਖਦਿਆ ਹੇਠਾਂ ਲਿਖਿਆ ਵਿਚਾਰ ਲੱਭਦਾ ਹੈ :-

ਏਕੇ ਮਾਟੀ ਕੇ ਸਭਿ ਭਾਂਡੇ ਸਭਕਾ ਏਕੈ ਸਿਰਜਣਹਾਰਾ ।

ਉਸ ਵੇਲੇ ਦੀਆਂ ਅਖੌਤੀ ਉੱਚੀਆਂ ਜਾਤਾਂ ਨੇ ਆਪਣੇ ਆਪ ਨੂੰ ਸਮਾਜ ਦਾ ਪਵਿੱਤਰ ਤੇ ਸੁਪਰ ਅੰਗ ਆਖਣਾ ਸ਼ੁਰੂ ਕਰ ਦਿੱਤਾ। ਆਪਣੇ ਆਪ ਨੂੰ ਉੱਚਾ ਹੋਣ ਦਾ ਧੋਖੇ ਭਰਿਆ, ਝੂਠਾ ਬਹਾਨਾ ਲਾ ਕੇ ਸਮਾਜ ਦੇ ਕਮਜ਼ੋਰ ਵਰਗ ਭਾਵ ਗਰੀਬਾਂ (ਸੂਦਰਾਂ) ਨੂੰ ਗਿਆਨ ਭੰਡਾਰਾਂ ਤੋਂ ਸਦਾ ਹੀ ਦੂਰ ਰੱਖਿਆ। ਪੜ੍ਹਨਾ-ਲਿਖਣਾ ਜਾਂ ਮਹਾਂਪੁਰਸ਼ਾਂ ਦੀਆਂ ਪਵਿੱਤਰ ਲਿਖਤਾਂ ਸੂਦਰਾਂ ਲਈ ਵਰਜਿਤ ਕਰ ਦਿੱਤੀਆਂ ਗਈਆਂ। ਕੋਈ ਵੇਦਾਂ ਆਦਿ ਦਾ ਪਾਠ ਸੁਣਦਾ ਤਾਂ ਉਸਦੇ ਕੰਨਾਂ ਵਿਚ ਸਿੱਕਾ ਢਾਲਿਆ ਜਾਂਦਾ। ਉਨ੍ਹਾਂ ਨੂੰ ਸਮਾਜ ਦਾ ਗੰਦ ਆਖਿਆ ਜਾਣ ਲੱਗਾ। ਰਹਿਣ ਵਾਸਤੇ ਪਿੰਡਾਂ ਸ਼ਹਿਰਾਂ ਤੋਂ ਬਾਹਰ ਵੱਖਰੀਆਂ ਬਸਤੀਆਂ ਵਲ ਧੱਕੇ ਗਏ। ਸਹੂਲਤਾਂ ਰਹਿਤ, ਨਫਰਤਾਂ ਭਰੇ ਜੀਵਨ ਨੇ ਇਸ ਵਰਗ ਅੰਦਰ ਸਦਾ ਲਈ ਹੀਣ ਭਾਵਨਾ ਪੈਦਾ ਕਰ ਦਿੱਤੀ। ਇਸੇ ਊਚ-ਨੀਚ ਦੇ ਵਿਤਕਰੇ ਭਰੇ ਅਮਲ ਨੇ ਮਨੁੱਖਾਂ ਅੰਦਰ ਪਾੜੇ ਤੇ ਵਿੱਥਾਂ ਪੈਦਾ ਕਰ ਦਿੱਤੀਆਂ, ਜੋ ਅਜੋਕੇ ਸਮਾਜ ਅੰਦਰ ਵੀ ਵੱਖੋ-ਵੱਖ ਰੂਪਾਂ ਵਿਚ ਵੇਖੇ ਜਾ ਸਕਦੇ ਹਨ। ਯਾਦ ਰੱਖਣਾ ਚਾਹੀਦਾ ਹੈ ਕਿ ਇਨ੍ਹਾਂ ਵਿੱਥਾਂ ਵਿਤਕਰਿਆਂ ਨੂੰ ਮੇਟੇ ਬਿਨਾਂ ਸਮਾਜ ਸੋਹਣਾ ਨਹੀਂ ਬਣ/ਅਖਵਾ ਸਕਦਾ।



ਰਵਿਦਾਸ ਜੀ ਨਫਰਤ ਦੀ ਥਾਂ ਦੋਸਤੀ ਤੇ ਮੁਹੱਬਤ ਦਾ ਪ੍ਰਚਾਰ ਕਰਦੇ ਹੋਏ ਕਹਿੰਦੇ ਹਨ :

ਮੁਸਲਮਾਨ ਸੋਂ ਦੋਸਤੀ, ਹਿੰਦੂ ਸੇ ਕਰ ਪ੍ਰੀਤ
ਰਵਿਦਾਸ ਜੋਤਿ ਸਭ ਰਾਮ ਕੀ, ਸਭ ਹੈ ਆਪਣੇ ਮੀਤ
........
ਮੰਦਿਰ ਮਸਜਿਦ ਦੋ ਏਕ ਹੈਂ
ਇਨ ਮਹਿ ਅੰਤਰ ਨਾਹਿ ।
ਰਵਿਦਾਸ ਰਾਮ ਰਹਿਮਾਨ ਕਾ
ਝਗੜਾ ਕੋਊ ਨਾਹਿ ।
ਰਵਿਦਾਸ ਹਮਾਰੋ ਰਾਮ ਜੋਇ
ਸੋਈ ਹੈ ਰਹਿਮਾਨ ।
ਕਾਬਾ ਕਾਸੀ ਜਾਨੀਹਿ
ਦੋਉ ਏਕ ਸਮਾਨ ॥

ਜਾਤ-ਪਾਤ ਦੇ ਬ੍ਰਾਹਮਣੀ ਵਿਚਾਰਾਂ ਦਾ ਭਾਂਡਾ ਉਦੋਂ ਫੁੱਟਦਾ ਹੈ ਜਦੋਂ ਰਵਿਦਾਸ ਜੀ ਦੇ ਇਹ ਵਿਚਾਰ ਪੜ੍ਹਦੇ ਹਾਂ :-

ਰਵਿਦਾਸ ਜਨਮ ਕੇ ਕਾਰਨੈ, ਹੋਤ ਨਾ ਕੋਊ ਨੀਚ
ਨਰ ਕੂੰ ਨੀਚ ਕਰ ਡਾਰਿਹੌ, ਓਛੈ ਕਰਮ ਕੌ ਕੀਚ ।
.......
ਊਚੇ ਕੁਲ ਕੇ ਕਾਰਨੇ, ਬ੍ਰਾਹਮਣ ਕੋਯ ਨ ਹੋਯ
ਜਉ ਜਾਨਹਿ ਬ੍ਰਹਮ ਆਤਮਾ, ਰਵਿਦਾਸ ਬ੍ਰਾਹਮਨ ਸੋਇ ।

ਉਸ ਸਮੇਂ ਸੂਦਰ ਕਹੇ ਜਾਂਦਿਆਂ ਦੀ ਸਥਿਤੀ ਨੂੰ ਪੇਸ਼ ਕਰਦਿਆਂ ਪਾਖਰ ਸਿੰਘ ਨੇ ਆਪਣੀ ਪੁਸਤਕ "ਮਨੁੱਖਤਾ ਦਾ ਚਾਨਣ ਮੁਨਾਰਾ- ਗੁਰੂ ਰਵਿਦਾਸ" ਵਿਚ ਲਿਖਿਆ ਹੈ ਕਿ 'ਉਨ੍ਹਾਂ ਤੋਂ ਵਗਾਰ ਲਈ ਜਾਂਦੀ ਸੀ ਤੇ ਇਨਕਾਰ ਕਰਨ ਵਾਲਿਆਂ ਉੱਤੇ ਅਕਹਿ ਤੇ ਅਸਹਿ ਜ਼ੁਲਮ ਢਾਏ ਜਾਂਦੇ ਸਨ। ਵੱਖ ਵੱਖ ਧਰਮਾਂ, ਰੰਗਾਂ ਤੇ ਜਿਣਸਾਂ ਦੇ ਮਨੁੱਖਾਂ ਨੂੰ ਏਕਤਾ ਦੀ ਲੜੀ ਵਿਚ ਪਰੋ ਕੇ 'ਸਾਰੇ ਮਨੁੱਖ ਭਰਾ ਭਰਾ ਹਨ' ਦਾ ਸੰਦੇਸ਼ ਦਿੱਤਾ। ਗੁਰੂ ਰਵਿਦਾਸ ਦੇ ਸਮੇਂ ਅੱਤਿਆਚਾਰਾਂ ਦੀ ਹੱਦ ਹੋ ਗਈ ਸੀ ਜੇ ਕਮਜ਼ੋਰ ਜਾਂ ਗਰੀਬ ਆਦਮੀ ਤੋਂ ਕੋਈ ਗਲਤੀ ਹੋ ਜਾਂਦੀ ਤਾਂ ਉਸਨੂੰ ਵੱਧ ਤੋਂ ਵੱਧ ਅਣਮਨੁੱਖੀ ਸਜ਼ਾ ਦਿੱਤੀ ਜਾਂਦੀ। ਕਿਸੇ ਬ੍ਰਾਹਮਣ ਦੇ ਨੇੜਿਉਂ ਹੋ ਕੇ ਲੰਘਣਾ ਜਾਂ ਬ੍ਰਾਹਮਣ ਨੂੰ ਧਰਮ ਸਬੰਧੀ ਕੁੱਝ ਕਹਿਣਾ ਜਾਂ ਅਖੌਤੀ ਉੱਚੀ ਜਾਤ ਦੇ ਕਿਸੇ ਵੱਡੇ ਜਾਂ ਛੋਟੇ ਕੰਮ ਤੋਂ ਇਨਕਾਰ ਕਰਨਾ ਇਹ ਗਲਤੀਆਂ ਜਾਂ ਬਦਤਮੀਜ਼ੀਆਂ ਗਿਣੀਆਂ ਜਾਂਦੀਆਂ ਸਨ। ਪਰ ਅਖੌਤੀ ਜਾਤਾਂ ਨਾਲ ਸਬੰਧਤ ਭਾਵ ਬ੍ਰਾਹਮਣਾਂ ਨੂੰ ਵੱਡੇ ਤੋਂ ਵੱਡਾ ਗੁਨਾਹ, ਗਲਤੀ ਅਤੇ ਪਾਪ ਵੀ ਬਖਸ਼ ਦਿੱਤਾ ਜਾਂਦਾ ਸੀ। ਇਨ੍ਹਾਂ ਹੀ ਬੇਇਨਸਾਫੀਆਂ ਨੇ ਗੁਰੂ ਜੀ ਦੇ ਮਨ ਅੰਦਰ ਆਪਣੇ ਮਾਰਗ ਪ੍ਰਤੀ ਦ੍ਰਿੜਤਾ ਪੈਦਾ ਕੀਤੀ। ਉਨ੍ਹਾਂ ਸੰਘਰਸ਼ਮਈ ਜੀਵਨ ਤੋਂ ਭੱਜਣ ਦਾ ਜਤਨ ਨਾ ਕੀਤਾ ਸਗੋਂ ਘਰ-ਬਾਰ ਛੱਡਕੇ ਤੁਰੇ ਫਿਰਦੇ ਸਾਧਾਂ ਨੂੰ ਜੀਵਨ ਤੋਂ ਉਪਰਾਮ ਹੋ ਚੁੱਕੇ ਵਿਅਕਤੀ ਦੱਸਿਆ ਅਤੇ ਆਪ ਖੁਦ ਗ੍ਰਿਹਸਥ ਦਾ ਜੀਵਨ ਬਿਤਾਇਆ। ਆਪਣੇ ਜੀਵਨ ਤਜ਼ਰਬੇ ਨੂੰ ਫਿਲਾਸਫੀ ਵਿਚ ਬਦਲਿਆ ਅਤੇ ਜੀਵੇ ਜਾ ਰਹੇ ਵਿਦਰੋਹ ਨੂੰ ਆਪਣੇ ਲੋਕਾਂ 'ਚ ਰਹਿ ਕੇ ਬਾਣੀ ਰੂਪ ਸ਼ਬਦਾਂ ਵਿਚ ਢਾਲਿਆ ਜਿਸ ਵਿਚ ਉਨ੍ਹਾਂ ਨੇ ਪ੍ਰਭੂ ਪ੍ਰੇਮ ਦੇ ਨਾਲ ਹੀ ਸਮਾਜਿਕ ਅਤੇ ਰਾਜਨੀਤਕ ਵਿਤਕਰਿਆਂ ਦੇ ਖਿਲਾਫ ਲੜਨ ਦਾ ਸੱਦਾ ਦਿੱਤਾ, ਜੋ ਤਕੜੇ ਵਲੋਂ ਮਾੜੇ 'ਤੇ ਕੀਤੇ ਜਾ ਰਹੇ ਜਬਰ, ਅਨਿਆਂ ਦੇ ਖਿਲਾਫ ਵਿਦਰੋਹ ਸੀ ਅਤੇ ਆਪ ਇਸ ਦੀ ਅਗਵਾਈ ਕੀਤੀ।

ਰਵਿਦਾਸ ਜੀ ਦੀ ਬਾਣੀ ਵਿਚ ਨਿਮਰਤਾ ਭਰੇ ਸਮਰਪਣ ਦੀ ਭਾਵਨਾ ਦੇ ਕਾਫੀ ਥਾਵੇਂ ਦਰਸ਼ਨ ਹੁੰਦੇ ਹਨ, ਇਸ ਵਾਸਤੇ ਉਨ੍ਹਾਂ ਦੀ ਬਾਣੀ ਹੀ ਪੇਸ਼ ਕੀਤੀ ਜਾ ਸਕਦੀ ਹੈ :

ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗ ਤੁਮਾਰੇ ਵਾਸਾ।
ਨੀਚ ਰੂਖ ਤੇ ਉਚ ਭਏ ਹੈ ਗੰਧ ਸੁਗੰਧ ਨਿਵਾਸਾ॥
ਮਾਧਉ ਸਤ ਸੰਗਤਿ ਸਰਨਿ ਤੁਮਾਰੀ॥
ਹਮ ਅਉਗਨ ਤੁਮ ਉਪਕਾਰੀ॥
........
ਜਉ ਤੁਮ ਗਿਰਿਵਰ ਤਉ ਹਮ ਮੋਰਾ ॥
ਜਉ ਤੁਮ ਚੰਦ ਤਉ ਭਏ ਹੋ ਚਕੋਰਾ॥
...........
ਜਉ ਤੁਮ ਦੀਵਰਾ ਤਉ ਹਮ ਬਾਤੀ ॥
ਜਉ ਤੁਮ ਤੀਰਥ ਤਉ ਹਮ ਜਾਤੀ ॥
.........
ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ ।
ਕਨਕ ਕਟਿਕ ਜਲ ਤਰੰਗ ਜੈਸਾ ।

ਗੁਰੂ ਰਵਿਦਾਸ ਜੀ ਨੇ ਬਹੁਤ ਸਾਰੀ ਬਾਣੀ ਦੀ ਰਚਨਾ ਕੀਤੀ ਪਰ ਉਹ ਸਾਰੀ ਦੀ ਸਾਰੀ ਅਜੇ ਤੱਕ ਵੀ ਇਕੱਠੀ ਨਹੀਂ ਕੀਤੀ ਜਾ ਸਕੀ, ਅਤੇ ਨਾ ਹੀ ਖੋਜੀ ਵਿਦਵਾਨਾਂ ਨੇ ਇਸ ਨੂੰ ਲੱਭਣ ਦੇ ਗੰਭੀਰ ਜਤਨ ਹੀ ਕੀਤੇ । ਹੋਰ ਭਗਤਾਂ ਅਤੇ ਗੁਰੂਆਂ ਦੀ ਬਾਣੀ ਦੇ ਨਾਲ ਹੀ ਗੁਰੂ ਰਵਿਦਾਸ ਜੀ ਦੀ ਬਾਣੀ ਸੋਲ੍ਹਾਂ ਰਾਗਾਂ ਸਿਰੀ ਰਾਗੁ, ਰਾਗੁ ਗਉੜੀ, ਆਸਾ, ਗੂਜਰੀ, ਸੋਰਠਿ, ਧਨਾਸਰੀ, ਜੈਤਸਰੀ, ਰਾਗੁ ਸੂਹੀ, ਬਿਲਾਬਲੁ, ਰਾਗੁ ਗੋਂਡ, ਰਾਮਕਲੀ, ਰਾਗੁ ਮਾਰੂ, ਰਾਗੁ ਕੇਦਾਰਾ, ਭੇਰਉ, ਬਸੰਤੁ, ਮਲਾਰੁ ਵਿਚ 40 ਪਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤੇ ਗਏ।

ਗੁਰੂ ਰਵਿਦਾਸ ਜੀ ਨੇ ਕਿਰਤ ਕਰਨ ਨੂੰ ਬਹੁਤ ਮਹੱਤਵ ਦਿੱਤਾ। ਖੁਦ ਆਪਣੇ ਵਡੇਰਿਆਂ ਵਲੋਂ ਕੀਤੇ ਜਾਂਦੇ ਜੁੱਤੀਆਂ ਗੰਢਣ ਦੇ ਕਿੱਤੇ ਨੂੰ ਅਪਣਾ ਕੇ ਆਪਣਾ ਜੀਵਨ ਨਿਰਬਾਹ ਕਰਨ ਲੱਗੇ। ਉਹ ਕੰਮ ਕਰਨ ਨੂੰ ਮਨ ਦੀ ਸ਼ਾਂਤੀ ਅਤੇ ਸਰੀਰ ਲਈ ਜ਼ਰੂਰੀ ਸਮਝਦੇ ਸਨ। ਕਿਰਤ ਕਰਨੀ ਉਨ੍ਹਾਂ ਲਈ ਮਿਹਣਾ ਨਹੀਂ ਸੀ ਜਿਵੇਂ ਕਿ ਅਜ ਕਲ ਦੇ "ਸੰਤਾਂ" ਲਈ ਹੈ ਕਿ ਧਾਰਮਕ ਸ਼ਰਧਾ ਅਧੀਨ ਲੋਕਾਂ ਵਲੋਂ ਕੀਤੇ ਗਏ ਦਾਨ ਦੇ ਪੈਸਿਆਂ ਨਾਲ ਐਸ਼ ਦਾ ਜੀਵਨ ਗੁਜ਼ਾਰੋ ਤੇ ਆਪ ਡੱਕਾ ਭੰਨ ਕੇ ਦੂਹਰਾ ਨਾ ਕਰੋ। ਲੋਕਾਂ ਦੀ ਦਸਾਂ ਨੌਹਾਂ ਦੀ ਕੀਤੀ ਮਿਹਨਤ ਦੇ ਆਸਰੇ ਪੰਜ ਤਾਰਾ ਸਹੂਲਤਾਂ ਵਾਲੇ ਮਹੱਲਾਂ ਵਰਗੇ ਧਾਰਮਕ ਸਥਾਨ ਉਸਾਰ ਕੇ ਉਹਨੂੰ ਕੁਟੀਆ ਆਖੀ ਜਾਣਾ ਤੇ ਵਧੀਆ ਜੀਵਨ ਜੀਊਣਾ। ਉਂਜ ਵੀ ਅਜੋਕੇ ਸਮੇਂ 'ਚ ਸੰਤ ਸ਼ਬਦ ਦੇ ਅਰਥਾਂ ਨੂੰ ਅਸਲੋਂ ਵਿਗਾੜ ਦਿੱਤਾ ਗਿਆ ਹੈ। ਹੁਣ ਤਾਂ ਦਰ ਦਰ ਟੁੱਕ ਮੰਗਦੇ ਪਖੰਡੀਆਂ ਨੂੰ ਹੀ ਲੋਕ ਸੰਤ ਆਖੀ ਜਾ ਰਹੇ ਹਨ। ਅਸੀਂ ਗੁਰਬਾਣੀ ਰਾਹੀਂ 'ਸੰਤ' ਦੇ ਸਿਰਜੇ ਸੰਕਲਪ ਦੇ ਕਦੇ ਵੀ ਸਹੀ ਅਰਥ ਕਰਕੇ ਦੇਖਣ ਦੇ ਜਤਨ ਨਹੀਂ ਕੀਤੇ।

ਗੁਰੂ ਰਵਿਦਾਸ ਜੀ ਨੇ ਆਰਤੀ ਲਿਖਦਿਆਂ ਕੋਈ ਰਵਾਇਤੀ ਗੱਲ ਨਹੀਂ ਕੀਤੀ ਸਗੋਂ ਇਕ ਨਵਾਂ ਵਿਚਾਰ ਪੇਸ਼ ਕੀਤਾ, ਸੱਚ ਦੀ ਖੋਜ ਦਾ ਨਵਾਂ ਰਾਹ। ਇਹ ਵੀ ਸੰਭਵ ਹੈ ਕਿ ਬਾਅਦ ਵਿਚ ਗੁਰੂ ਨਾਨਕ ਦੇਵ ਜੀ ਵਲੋਂ ਆਰਤੀ ਲਿਖਣ ਵੇਲੇ ਉਸ ਸਮੇਂ ਦੇ ਹਾਲਤ ਤੋਂ ਇਲਾਵਾ ਪਹਿਲਾਂ ਹੀ ਗੁਰੂ ਰਵਿਦਾਸ ਵਲੋਂ ਲਿਖੀ ਗਈ ਆਰਤੀ ਤੋਂ ਵੀ ਪ੍ਰਭਾਵਿਤ ਹੋਏ ਹੋਣ। ਕਿਉਂਕਿ 'ਸੋਢੀ ਮਿਹਰਬਾਨ ਵਾਲੀ ਪੋਥੀ' ਸੱਚ ਖੰਡ (ਪੁਰਾਤਨ ਜਨਮ ਸਾਖੀ ਦੇ ਨਾਂ ਹੇਠ ਖਾਲਸਾ ਕਾਲਜ ਅਮ੍ਰਿਤਸਰ ਵਲੋਂ ਛਪੀ ਪੁਸਤਕ) ਅਨੁਸਾਰ ਗੁਰੂ ਨਾਨਕ ਦੇਵ ਜੀ ਆਪਣੀ ਬਾਣੀ ਦੇ ਨਾਲ ਨਾਲ ਨਾਮਦੇਵ, ਕਬੀਰ, ਤ੍ਰਿਲੋਚਨ, ਰਵਿਦਾਸ, ਧੰਨਾ ਅਤੇ ਬੇਣੀ ਦੀ ਬਾਣੀ ਵੀ ਗਾਇਆ ਕਰਦੇ ਸਨ। ਅਤੇ ਇਸ ਤਰ੍ਹਾਂ ਹੀ 'ਜਪੁ' ਬਾਰੇ ਵੀ ਆਖਿਆ ਜਾ ਸਕਦਾ ਹੈ। ਇਸ ਸਬੰਧੀ ਡਾ: ਕੁਲਵੰਤ ਕੌਰ ਆਪਣੀ ਪੁਸਤਕ 'ਬਾਣੀ ਭਗਤ ਰਵਿਦਾਸ ਇਕ ਅਧਿਅਨ' ਵਿਚ ਲਿਖਦੇ ਹਨ,-'ਰਵਿਦਾਸ ਬਾਣੀ ਵਿਚਲੇ ਹੁਣ ਤੱਕ ਦੇ ਬ੍ਰਹਮ ਨਿਰੂਪਣ ਤੋਂ ਸਪਸ਼ਟ ਹੈ ਕਿ ਜਿਹੜੇ ਵਿਚਾਰ ਗੁਰੂ ਨਾਨਕ ਦੇਵ ਨੇ 'ਜਪੁ' ਜੀ ਦੇ ਮੂਲ ਮੰਤਰ ਰਾਹੀਂ ਫ਼ਰਮਾਨ ਕੀਤੇ ਹਨ, ਭਗਤ ਰਵਿਦਾਸ ਉਹੋ ਜਹੇ ਵਿਚਾਰ ਉਨ੍ਹਾਂ ਤੋਂ ਵੀ ਪਹਿਲਾਂ ਪ੍ਰਗਟਾ ਚੁੱਕੇ ਸਨ। ਅੰਤਰ ਕੇਵਲ ਏਨਾ ਹੈ ਕਿ ਜਿੱਥੇ ਗੁਰੂ ਨਾਨਕ ਨੇ ਇਨ੍ਹਾਂ ਨੂੰ ਸੁਨਿਸ਼ਚਿਤ ਰੂਪ ਵਿਚ ਪੇਸ਼ ਕੀਤਾ ਹੈ ਉੱਥੇ ਰਵਿਦਾਸ ਬਾਣੀ ਵਿਚ ਇਹ ਇਧਰ ਉੱਧਰ ਖਿਲਰੇ ਪਏ ਹਨ ਅਤੇ ਇਹਨਾਂ ਨੂੰ ਸੁਜਤਨ ਇਕੱਠਿਆਂ ਕਰਨਾ ਪੈਂਦਾ ਹੈ'

ਰਵਿਦਾਸ ਬਾਣੀ ਵਿਚ ਮਨੁੱਖੀ ਮੂਲ਼ ਬਾਰੇ ਵਿਖਿਆਨ ਵੀ ਦੇਖਣ ਯੋਗ ਹਨ :-

ਜਲ ਕੀ ਭੀਤਿ ਪਵਨ ਕਾ ਥੰਭਾ
ਰਕਤ ਬੂੰਦ ਕਾ ਗਾਰਾ।
ਹਾਡ ਮਾਸ ਨਾੜੀ ਕੋ ਪਿੰਜਰੁ
ਪੰਖੀ ਬਸੈ ਬਿਚਾਰਾ ।

ਮਨੁੱਖ ਦਾ ਹਾਲ ਕੀ ਹੈ ਕਿਵੇਂ ਉਸਨੂੰ ਵਿਕਾਰਾਂ ਨੇ ਰੋਲਿਆ ਹੋਇਆ ਹੈ :-

ਮਾਟੀ ਕੋ ਪੁਤਰਾ ਕੈਸੇ ਨਚੁਤ ਹੈ
ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ। ਰਹਾਉ।
ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ।
ਮਾਇਆ ਗਈ ਤਬ ਰੋਵਨੁ ਲਗਤੁ ਹੈ।

ਗੁਰੂ ਰਵਿਦਾਸ ਜੀ ਦੇ ਸਮੇਂ (ਅਤੇ ਬਾਅਦ ਵਿਚ ਵੀ) ਸ਼ੈਤਾਨ ਕਿਸਮ ਦੇ ਬ੍ਰਾਹਮਣਾਂ ਵਲੋਂ ਬੜੀਆਂ ਹੀ ਗਲਤ ਲਿਖਤਾਂ ਛਾਪੀਆਂ ਗਈਆਂ ਹੋਣਗੀਆਂ, ਕਿਉਂਕਿ ਬ੍ਰਾਹਮਣਵਾਦ ਧੋਖੇ ਭਰਿਆ ਹਨੇਰਾ ਅਤੇ ਝੂਠ ਦੀ ਧੁੰਦ ਸੀ। ਜਿਸ ਧੁੰਦ ਵਿਚੋਂ ਸੱਚ ਦਾ ਚਾਨਣ ਹੱਥ ਵਿਚ ਫੜ ਕੇ ਰਵਿਦਾਸ ਜੀ ਨੇ ਪਾਰ ਲੰਘਣ ਦਾ ਜਤਨ ਆਰੰਭਿਆ। ਹੁਣ ਤੱਕ ਵੀ ਰਵਿਦਾਸ ਜੀ ਦੇ ਜਨਮ ਤਾਰੀਖ, ਸਵਰਗ ਸਿਧਾਰਨ ਦਾ ਸਥਾਨ ਆਦਿ ਗੱਲਾਂ ਬਾਰੇ ਘਚੋਲੇ ਪਏ ਹੋਏ ਹਨ, ਮਰਨ ਸਥਾਨ ਬਾਰੇ ਵੀ ਅਜਿਹੇ ਵਿਚਾਰ ਸੁਣਨ ਨੂੰ ਮਿਲਦੇ ਹਨ- ਜੋ ਸ਼ਰਾਰਤ ਤੋਂ ਵੱਧ ਕੁੱਝ ਨਹੀਂ। ਰਵਿਦਾਸ ਜੀ ਸਬੰਧੀ ਗੁਰੂ ਜਾਂ ਭਗਤ ਹੋਣ ਦੀ ਚਰਚਾ ਸਦਾ ਹੀ ਚਲੀ ਰਹੀ ਹੈ। ਪਰ ਵਿਦਵਾਨਾਂ ਨੇ ਸਿਰ ਜੋੜ ਬੈਠ ਕੇ ਗਲਤ ਨਿਰਣਿਆਂ ਨੂੰ ਰੱਦ ਕਰਨ ਅਤੇ ਠੀਕ ਨੂੰ ਪ੍ਰਚਾਰਨ ਦੇ ਜਤਨ ਨਹੀਂ ਕੀਤੇ ਜੋ ਬੜੀ ਦੇਰ ਪਹਿਲਾਂ ਹੀ ਗੰਭੀਰਤਾ ਨਾਲ ਹੋਣੇ ਚਾਹੀਦੇ ਸਨ।

ਹੋਰ ਮਹਾਂਪੁਰਸ਼ਾਂ ਵਾਂਗ ਹੀ ਰਵਿਦਾਸ ਜੀ ਦੇ ਜੀਵਨ ਨਾਲ ਵੀ ਬਹੁਤ ਸਾਰੀਆਂ ਬੇਹੂਦਾ, ਮਨਘੜਤ ਅਤੇ ਭੁਲੇਖਾਪਾਊ ਸਾਖੀਆਂ ਜੋੜ ਦਿੱਤੀਆਂ ਹੋਈਆਂ ਹਨ। ਜਿਨ੍ਹਾਂ ਵਿਚੋਂ ਬਹੁਤੀਆਂ ਤਰਕਹੀਣ ਪਰ ਅੰਧਵਿਸ਼ਵਾਸ ਉੱਤੇ ਹੀ ਅਧਾਰਤ ਹਨ ਜਿਨ੍ਹਾਂ ਦਾ ਦਲੀਲ ਜਾਂ ਸੱਚ ਨਾਲ ਕੋਈ ਵਾਸਤਾ ਨਹੀਂ। ਗੁਰੂ ਰਵਿਦਾਸ ਜੋ ਉਮਰ ਭਰ ਜਗਤ ਨੂੰ ਸੁੱਚੀ ਸੋਚ ਨਾਲ ਰੁਸ਼ਨਾਉਣ ਦਾ ਚਾਨਣ ਵੰਡਦੇ ਰਹੇ ਉਨ੍ਹਾ ਦੇ ਜੀਵਨ ਨਾਲ ਅੰਧ ਵਿਸ਼ਵਾਸ ਨੂੰ ਤਕੜਿਆਂ ਕਰਨ ਵਾਲੀਆਂ ਝੂਠੀਆਂ ਕਹਾਣੀਆਂ ਜੋੜਨਾ ਉਸ ਸਮੇਂ ਦੇ ਬ੍ਰਾਹਮਣਵਾਦੀਆਂ ਦੀ ਸ਼ਰਾਰਤ ਸੀ ਜੋ ਅਜੇ ਤੱਕ ਵੀ ਕਾਇਮ ਹੈ, ਜਿਸ ਦੇ ਸਿੱਟੇ ਵਜੋਂ ਕਈ ਭੁਲੇਖੇ ਕਾਇਮ ਹੋਏ ਵੱਡੀ ਲੋੜ ਉਨ੍ਹਾਂ ਭੁਲੇਖਿਆਂ ਨੂੰ ਦੂਰ ਕਰਨ ਦੀ ਹੈ, ਉਨ੍ਹਾਂ ਨੂੰ ਨਕਾਰਨ ਦੀ ਹੈ। ਅਜੇ ਤੱਕ ਸਾਡੇ ਵਿਦਵਾਨ ਇਸ ਵਿਚ ਕਾਮਯਾਬ ਨਹੀਂ ਹੋਏ।

ਗੁਰੂ ਰਵਿਦਾਸ ਜੀ ਦੇ ਵਿਚਾਰਾਂ ਅਤੇ ਵਿਚਾਰਧਾਰਾ ਤੋਂ ਪ੍ਰਭਾਵਿਤ ਹੋ ਕੇ ਕਈ ਰਾਜੇ, ਰਾਣੀਆਂ ਅਤੇ ਸਮਾਜ ਵਿਚਲੇ ਉੱਚ ਵਰਗਾਂ ਦੇ ਕਾਫੀ ਲੋਕ ਉਨ੍ਹਾਂ ਦੀ ਅਗਵਾਈ ਕਬੂਲ ਕਰਦਿਆਂ ਉਨ੍ਹਾਂ ਦਾ ਮਾਣ ਸਨਮਾਨ ਵੀ ਕਰਨ ਲੱਗੇ। ਇਹ ਕਦਮ ਉਸ ਸਮੇਂ ਬਹੁਤ ਹੀ ਦਲੇਰੀ ਭਰਿਆ ਸੀ। ਇਸੇ ਨੂੰ ਦੇਖਦਿਆਂ ਗੁਰੂ ਸਾਹਿਬ ਨੇ ਲਿਖਿਆ :

ਐਸੀ ਲਾਲ ਤੁਝ ਬਿਨੁ ਕਉਨੁ ਕਰੇ
ਗਰੀਬ ਨਿਵਾਜੁ ਗੁਸਈਆ ਮੇਰੇ ਮਾਥੇ ਛਤ੍ਰ ਧਰੇ।

ਜਿਹੜੇ ਲੋਕ ਰਵਿਦਾਸ ਜੀ ਦੀ ਬਾਣੀ ਤੋਂ ਵਾਕਿਫ ਹਨ ਉਨ੍ਹਾਂ ਨੂੰ ਪਤਾ ਹੈ ਕਿ ਰਵਿਦਾਸ ਜੀ ਨੇ ਆਪਣੇ ਹਰ ਵਿਚਾਰ ਨੂੰ ਦਲੀਲ ਸਹਿਤ ਪੇਸ਼ ਕੀਤਾ ਹੈ, ਫੇਰ ਇਹ ਝੂਠੀਆਂ ਸਾਖੀਆਂ ਕਿਵੇਂ ਉੱਗ ਪਈਆਂ? ਕਿਉਂਕਿ ਉਸ ਸਮੇਂ ਇਤਿਹਾਸ ਅਤੇ ਸਾਹਿਤ ਦੀ 'ਸਿਰਜਣਾ' (ਜਾਂ ਭੰਨਤੋੜ) ਕਰਨੀ ਬ੍ਰਾਹਮਣਾਂ ਦੇ ਹੱਥ-ਵਸ ਸੀ। ਉਨ੍ਹਾਂ ਨੇ ਆਪਣੇ ਆਪ ਨੂੰ ਸੂਤ ਬੈਠਦੀਆਂ 'ਨੇਰ੍ਹ-ਗੁਬਾਰ ਗੱਲਾਂ ਪ੍ਰਚਲਤ ਕਰ ਦਿੱਤੀਆਂ। ਮਿਸਾਲ ਵਜੋਂ ਇਕ ਹੀ ਗੱਲ ਕਰਨੀ ਇੱਥੇ ਕਾਫੀ ਹੈ, ਕਿਹਾ ਜਾਂਦਾ ਹੈ ਕਿ ਰਵਿਦਾਸ ਜੀ ਕਿਸੇ ਨੂੰ ਆਪਣਾ ਚੇਲਾ ਬਨਾਉਣ ਵੇਲੇ ਜਾਂ ਆਏ ਮਹਿਮਾਨਾਂ ਦੀ ਸੇਵਾ ਕਰਨ ਲਈ ਜੁੱਤੀਆਂ ਗੰਢਣ ਸਮੇਂ ਵਰਤੇ ਜਾਣ ਵਾਲੇ ਕੂੰਡੇ ਦਾ ਗੰਦਾ ਪਾਣੀ ਹੀ ਪੇਸ਼ ਕਰਦੇ ਸਨ ਜੋ ਉਨ੍ਹਾਂ ਦੇ ਭਗਤ ਅਤੇ ਮਹਿਮਾਨ ਖੁਸ਼ੀ ਨਾਲ ਕਬੂਲ ਕਰ ਲੈਂਦੇ ਸਨ। ਦਲੀਲ ਨਾਲ ਪਰਖੀਏ ਤਾਂ ਇਹ ਗੱਲ ਸੱਚ ਨਹੀਂ, ਕਿਸੇ ਅਰਧ ਪਾਗਲ (ਜਾਂ ਮਹਾਂ ਸ਼ਰਾਰਤੀ) ਦਾ ਆਪੇ ਘੜਿਆ ਝੂਠ ਹੈ। ਕਿਸੇ ਸਾਧਾਰਨ ਵਿਅਕਤੀ ਬਾਰੇ ਵੀ ਸੋਚੀਏ ਕਿ ਜਿਸ ਦੇ ਘਰ ਕੋਈ ਮਹਿਮਾਨ ਆਵੇ ਤਾਂ ਆਪਣੇ ਵਿਤ ਅਨੁਸਾਰ ਸੇਵਾ ਕਰਨ ਦਾ ਖਾਹਸ਼ਮੰਦ ਹੁੰਦਾ ਹੈ। ਕਿਸੇ ਨੂੰ ਪਾਣੀ ਪੇਸ਼ ਕਰਨ ਲੱਗਿਆਂ ਗਲਾਸ ਨੂੰ ਚੰਗੀ ਤਰ੍ਹਾਂ ਸਾਫ ਕਰਕੇ ਜਲ ਪੇਸ਼ ਕੀਤਾ ਜਾਂਦਾ ਹੈ। ਜੇ ਸਾਧਾਰਨ ਜਹੀ ਬੁੱਧੀ ਵਾਲੇ ਲੋਕ ਵੀ ਇੰਜ ਕਰਦੇ ਹਨ ਤਾਂ ਰਵਿਦਾਸ ਜੀ ਵਰਗੇ ਮਹਾਂਪੁਰਸ਼ ਤੋਂ ਮਹਿਮਾਨਾਂ ਜਾਂ ਆਪਣੇ ਭਗਤਾਂ ਦੀ ਜੁੱਤੀਆਂ ਭਿਉਣ ਵਾਲੇ ਕੂੰਡੇ ਦੇ ਗੰਦੇ ਪਾਣੀ ਨਾਲ ਕੀਤੀ ਜਾਂਦੀ ਸੇਵਾ ਵਾਲੀ "ਸਾਖੀ" ਨੂੰ ਕਿਵੇਂ ਕਬੂਲ ਕੀਤਾ ਜਾ ਸਕਦਾ ਹੈ? ਬ੍ਰਾਮਣਵਾਦੀਆਂ ਵਲੋਂ ਬੇ ਹਯਾਈ ਦੀਆਂ ਹੱਦਾ ਪਾਰ ਕਰਦਿਆਂ ਕਦੇ ਗੁਰੂ ਰਵਿਦਾਸ ਜੀ ਨੂੰ ਪਿਛਲੇ ਜਨਮ ਦਾ ਸਰਾਪਿਆ ਹੋਇਆ ਬ੍ਰਾਹਮਣ ਹੋਣ ਦਾ ਪ੍ਰਚਾਰ ਵੀ ਕੀਤਾ ਜਾਂਦਾ ਹੈ। ਪਿਛਲੇ ਜਨਮ ਦੇ ਨਾਂ 'ਤੇ ਝੂਠ ਦਾ ਗੁਤਾਵਾ ਕੀਤਾ ਜਾਂਦਾ ਹੈ। ਇਸ ਤਰ੍ਹਾਂ ਦੀਆਂ ਹੋਰ ਬਹੁਤ ਸਾਰੀਆਂ ਝੂਠੀਆਂ ਤੇ ਬੇ-ਸਿਰ ਪੈਰ ਸਾਖੀਆਂ ਸੁਣਨ ਨੂੰ ਮਿਲਦੀਆਂ ਹਨ। ਕਈ 'ਪ੍ਰਚਾਰਕ' ਵੀ ਮਾਇਆ ਦੇ ਲੋਭ 'ਚ ਅਜਿਹਾ ਕਮਲ਼ ਕੁੱਟਦੇ ਸੁਣੇ ਜਾ ਸਕਦੇ ਹਨ।

ਸਮਾਜ ਅੰਦਰ ਚੌਧਰ ਦੇ ਬੋਲਬਾਲੇ ਨੇ ਆਮ ਸਮਾਜਕ ਲਹਿਰਾਂ ਦਾ ਵਿਰਸਾ ਸਾਂਭਣ ਦੀ ਥਾਂ ਜਾਂ ਤਾਂ ਉਨ੍ਹਾਂ ਨੂੰ ਅਣਗੌਲਿਆਂ ਕਰ ਦਿੱਤਾ ਜਾਂ ਫੇਰ ਆਪਣੇ ਸੌੜੇ ਮਨੋਰਥਾਂ ਖਾਤਰ ਵਰਤਣ ਦਾ ਹੀ ਜਤਨ ਕੀਤਾ। ਇਨ੍ਹਾਂ ਮਤਲਬ ਪ੍ਰਸਤ 'ਚੌਧਰੀਆਂ' ਨੇ ਲੋਕਾਂ ਨੂੰ ਜੋੜਨ ਵਾਲੀਆਂ ਲਹਿਰਾਂ ਦੇ ਵਿਰਸੇ ਨੂੰ ਵਰਤਦਿਆ ਇਨ੍ਹਾਂ ਦੀ ਗਲਤ ਵਿਆਖਿਆ ਕਰਕੇ ਲੋਕਾਂ

(ਬਾਕੀ ਅਗਲੇ ਸਫੇ 'ਤੇ)

# ਲੋਕਤੰਤਰ ਦੇ ਹਾਣੀ ਅਜੇ ਨਹੀਂ ਹੋਏ

ਅੰਗ-ਸੰਗ



ਸ਼ਾਮ ਸਿੰਘ
98141-13338

ਭਾਰਤ ਦੇ ਨੇਤਾ ਜਿੰਨੇ ਮਰਜ਼ੀ ਦਮਗਜੇ ਮਾਰੀ ਜਾਣ, ਪਰ ਭਾਰਤੀ ਲੋਕ ਅਜੇ ਲੋਕਤੰਤਰ ਦੇ ਹਾਣੀ ਨਹੀਂ ਹੋ ਸਕੇ। ਕਈ ਖੇਤਰਾਂ ਵਿੱਚ ਬਿਜਲੀ ਨਾ ਪਹੁੰਚਣ ਵਾਂਗ ਸਿੱਖਿਆ ਦੇਣ ਦਾ ਪ੍ਰਬੰਧ ਵੀ ਨਹੀਂ ਕੀਤਾ ਜਾ ਸਕਿਆ। ਸਿਹਤ ਸਹੂਲਤਾਂ ਨੂੰ ਵਿਲਕਦੇ ਲੋਕ ਨਿੱਤ ਜਾਨ ਤੋਂ ਹੱਥ ਧੋਈ ਜਾ ਰਹੇ ਹਨ, ਪਰ ਦੇਸ਼ ਦੀਆਂ ਸਰਕਾਰਾਂ ਨੂੰ ਕੋਈ ਪਰਵਾਹ ਨਹੀਂ। ਇੱਥੇ ਜਿੰਨੇ ਉਪਰਾਲੇ ਜਾਨਾਂ ਨੂੰ ਖ਼ਤਮ ਕਰਨ ਦੇ ਕੀਤੇ ਜਾ ਰਹੇ ਹਨ, ਓਨੇ ਬਚਾਉਣ ਦੇ ਕਿਤੇ ਵੀ ਨਹੀਂ ਕੀਤੇ ਜਾ ਰਹੇ। ਮਨੁੱਖੀ ਜੀਵਨ ਅੰਤਾਂ ਦੇ ਸਸਤੇ ਹੋ ਕੇ ਰਹਿ ਗਏ।

ਜੇਕਰ ਲੋਕਾਂ ਨੂੰ ਲੋਕਤੰਤਰ ਬਾਰੇ ਸੂਝ-ਬੂਝ ਦਿੱਤੀ ਜਾਵੇ ਤਾਂ ਵੋਟਾਂ ਪੈਣ ਵੇਲੇ ਗਲੇ ਪਾੜ-ਪਾੜ ਕੇ ਲੰਮੇ-ਚੌੜੇ ਭਾਸ਼ਣ ਦੇਣ ਦੀ ਲੋੜ ਹੀ ਨਾ ਪਵੇ। ਭਾਸ਼ਣਾਂ ਵਿੱਚ ਇੱਕ-ਦੂਜੇ 'ਤੇ ਦੂਸ਼ਣਬਾਜ਼ੀ ਦੀ ਏਨੀ ਭਰਮਾਰ ਹੁੰਦੀ ਹੈ ਕਿ ਉਸ ਵਿੱਚੋਂ ਰਾਜਨੀਤਕ ਵਿਚਾਰ ਲੱਭਦੇ ਹੀ ਨਹੀਂ। ਭਾਵੁਕ ਹੋਏ ਨੇਤਾਜਨ ਏਨੀਆਂ ਨੀਵਾਣਾਂ ਤੱਕ ਚਲੇ ਜਾਂਦੇ ਹਨ ਕਿ ਸੁਣਨ ਵਾਲੇ ਸ਼ਰਮਸਾਰ ਹੋਏ ਬਿਨਾਂ ਨਹੀਂ ਰਹਿੰਦੇ। ਲੋਕਤੰਤਰ ਵਿੱਚ ਹੋਰ ਵੀ ਏਨੀਆਂ ਘਾਟਾਂ ਹਨ, ਜਿਵੇਂ ਪਾਟੇ ਹੋਏ ਕੱਪੜੇ ਦੀਆਂ ਲੀਰਾਂ ਲਮਕਦੀਆਂ ਹੋਣ।

ਸਰਕਾਰ, ਵਿਰੋਧੀ ਧਿਰਾਂ ਅਤੇ ਦੇਸ਼ ਦਾ ਸੁਪਰੀਮ ਕੋਰਟ ਦੇਸ਼ ਦੇ ਲੋਕਤੰਤਰ ਨੂੰ ਚਲਾਉਣ ਵਾਲੇ ਸੰਵਿਧਾਨ ਨੂੰ ਬਚਾਉਣ ਦੇ ਭਰਵੇਂ ਜਤਨ ਕਰ ਰਹੇ ਹਨ ਪਰ ਪਵਿੱਤਰ 'ਸੰਵਿਧਾਨ' ਦੀ ਰੱਖਿਆ ਨਹੀਂ ਹੋ ਰਹੀ ਕਿਉਂਕਿ ਦੇਸ਼ ਕੋਲ ਕੋਈ ਸੰਵਿਧਾਨ ਸੈਨਾ ਨਹੀਂ, ਜਿਹੜੀ ਸਦਾ ਇਸ ਨੂੰ ਬਚਾਉਣ ਵਾਸਤੇ ਲੱਗੀ ਰਹੇ। ਸਰਕਾਰ ਮਨਮਰਜ਼ੀ ਕਰ ਰਹੀ ਹੈ, ਜਿਸ ਨੂੰ ਰੋਕਣ ਲਈ ਵਿਰੋਧੀ ਧਿਰਾਂ ਆਵਾਜ਼ ਬੁਲੰਦ ਕਰਦੀਆਂ ਹਨ ਅਤੇ ਕਦੇ-ਕਦੇ ਅਦਾਲਤਾਂ ਵੀ। ਜੇ ਸੁਪਰੀਮ ਕੋਰਟ ਦੀ ਵੀ ਨਾ ਮੰਨੀ ਜਾਵੇ ਤਾਂ ਉਸ ਤੋਂ ਉੱਚੀ ਕੋਈ ਥਾਂ ਨਹੀਂ।

ਅੱਜ ਹਰ ਸਿਆਸੀ ਪਾਰਟੀ 'ਤੇ ਵਿਸ਼ਵਾਸ ਘਟਿਆ ਹੈ ਅਤੇ ਸ਼ੱਕ ਵਧੀ ਹੈ, ਕਿਉਂਕਿ ਦਿੱਤੇ ਭਰੋਸੇ ਤੋੜੇ ਜਾ ਰਹੇ ਹਨ ਅਤੇ ਕੀਤੇ ਵਾਅਦੇ ਪੂਰੇ ਹੀ ਨਹੀਂ ਕੀਤੇ ਜਾਂਦੇ। ਦੇਸ਼ ਦੇ ਭੋਲੇ-ਭਾਲੇ ਲੋਕ ਬੇਬਸੀ ਦੇ ਆਲਮ ਵਿੱਚ ਕੋਈ ਕਦਮ ਭਰਨ ਦੇ ਸਮਰੱਥ ਨਹੀਂ ਹੁੰਦੇ। ਵੋਟ ਪੁਆਈ ਘੜੀ ਬਿਤਾਈ ਮੁੜ ਸਰਕਾਰ ਕਦੇ ਵੀ ਨਾ ਆਈ। ਇਸ ਤਰ੍ਹਾਂ ਲੋਕਤੰਤਰ ਦਾ ਅਸਲ ਅਰਥ ਹੀ ਗੁਆਚ ਕੇ ਰਹਿ ਜਾਂਦਾ ਹੈ, ਕਿਉਂਕਿ ਲੋਕਾਂ ਅਤੇ ਸਰਕਾਰ ਵਿੱਚ ਨੇੜਤਾ ਹੀ ਨਹੀਂ ਰਹਿੰਦੀ। ਚਾਹੀਦਾ ਤਾਂ ਇਹ ਹੈ ਕਿ ਗੌਰਮਿੰਟ ਮਿੰਟ-ਮਿੰਟ 'ਤੇ ਗੌਰ ਕਰਦੀ ਰਹੇ।

ਦੇਸ਼ ਦੇ ਪਹਿਲੇ ਸਿਆਸੀ ਨੇਤਾਵਾਂ ਨੇ ਇਹ ਇੱਛਾ ਪ੍ਰਗਟ ਕੀਤੀ ਸੀ ਕਿ ਭਾਰਤ ਵਿੱਚ ਰਾਜ ਕਰ ਰਿਹਾ ਬਰਤਾਨੀਆਂ ਇੱਥੇ ਵੀ ਆਪਣੇ ਵਰਗੀਆਂ ਲੋਕਤੰਤਰਿਕ ਸੰਸਥਾਵਾਂ ਕਾਇਮ ਕਰੇ, ਪਰ ਨਾਲ ਦੀ ਨਾਲ ਉਨ੍ਹਾਂ ਅੱਗੇ ਇਹ ਸਵਾਲ ਵੀ ਵਾਰ-ਵਾਰ ਆ ਖੜ੍ਹਦਾ ਰਿਹਾ ਕਿ ਕੀ ਭਾਰਤੀ ਅਜਿਹੀਆਂ ਸੰਸਥਾਵਾਂ ਦੇ ਹਾਣ ਦੇ ਵੀ ਹਨ ਜਾਂ ਨਹੀਂ? ਇੱਥੇ ਉਹ ਹਾਲਾਤ ਨਹੀਂ ਸਨ ਕਿ ਬਰਤਾਨੀਆ ਦੀ ਲੋਕਤੰਤਰਿਕ ਪ੍ਰਣਾਲੀ ਵਾਲੀਆਂ ਸੰਸਥਾਵਾਂ 'ਤੇ ਚੱਲਿਆ ਜਾਂਦਾ। ਹਾਣ ਬਿਨਾਂ ਕੁਝ ਨਹੀਂ ਹੁੰਦਾ।

ਭਾਰਤ ਦੀ ਸਥਿਤੀ ਬਰਤਾਨੀਆ ਨਾਲੋਂ ਵੱਖਰੀ ਹੋਣ ਕਰਕੇ ਵਿਦਵਾਨ ਜਾਨ ਸਟੂਬਰਟ ਬਿਲ ਨੇ ਭਾਰਤ ਦੇ ਅਧਿਐਨ ਦੀ ਸਲਾਹ ਦਿੱਤੀ ਸੀ ਜਦਕਿ ਵਾਇਸਰਾਏ ਡਫਰਿਨ ਨੇ ਸਾਫ਼ ਸਪੱਸ਼ਟ ਕਿਹਾ ਸੀ ਕਿ ਭਾਰਤ ਵਿੱਚ ਲੋਕਤੰਤਰੀ ਪ੍ਰਣਾਲੀ ਸ਼ੁਰੂ ਕਰਨੀ ਹਨੇਰੇ ਵਿੱਚ ਕੁੱਦਣ ਵਰਗੀ ਗੱਲ ਹੋਵੇਗੀ। ਯਾਦ ਰਹੇ ਕਿ ਬਰਤਾਨੀਆ ਵਿੱਚ ਵੀ ਇਹ ਪ੍ਰਣਾਲੀ ਇਕਦਮ ਸ਼ੁਰੂ ਨਹੀਂ ਸੀ ਹੋ ਸਕੀ। ਉੱਚ ਅਹੁਦਿਆਂ 'ਤੇ ਬੈਠੇ ਹੋਰਨਾਂ ਨੇ ਵੀ ਰਾਇ ਪ੍ਰਗਟ ਕਰਦਿਆਂ ਕਿਹਾ ਸੀ ਕਿ ਖੇਤਰੀ ਭਾਵਨਾਵਾਂ, ਜਾਤ-ਪਾਤ ਅਤੇ ਕਈ ਇੱਕ ਧਰਮਾਂ ਵਿੱਚ ਵੰਡੇ ਭਾਰਤ ਵਿੱਚ ਲੋਕਤੰਤਰੀ ਪ੍ਰਣਾਲੀ ਸਫਲ ਨਹੀਂ ਹੋ ਸਕਦੀ।



ਦੇਵ ਭਾਰਦਵਾਜ

ਵਰ੍ਹਿਆਂ ਦੇ ਵਰ੍ਹੇ ਗੁਜ਼ਰ ਜਾਣ ਬਾਅਦ ਆਜ਼ਾਦੀ ਵਿੱਚ ਵਿਚਰਦਿਆਂ ਵੀ ਦੇਸ਼ ਦੇ ਲੋਕ ਉਸ ਸੂਝ-ਬੂਝ ਨੂੰ ਹਾਸਲ ਨਹੀਂ ਕਰ ਸਕੇ, ਜਿਸ ਬਿਨਾਂ ਲੋਕਤੰਤਰ ਬੁਲੰਦੀਆਂ 'ਤੇ ਨਹੀਂ ਪਹੁੰਚ ਸਕਦਾ। ਲੋਕਤੰਤਰ ਵਿੱਚ ਬਹੁਮਤ ਦਾ ਰਾਜ ਹੁੰਦਾ ਹੈ, ਜਿਸ ਦੇ ਹੁਕਮਾਂ ਨੂੰ ਘੱਟ ਗਿਣਤੀਆਂ ਸਵੀਕਾਰ ਕਰਨ ਲਈ ਤਿਆਰ ਹੋਣ। ਉਹ ਰਾਜਸੀ ਪਾਰਟੀਆਂ ਹੋਣ, ਜਿਹੜੀਆਂ ਦੇਸ਼ ਦੇ ਸਮੁੱਚੇ ਲੋਕਾਂ ਦੀ ਬਿਹਤਰੀ ਬਾਰੇ ਕਦਮ ਉਠਾਉਣ ਲਈ ਤਿਆਰ ਹੋਣ, ਨਾ ਕਿ ਸਮਾਜ ਦੇ ਵੱਖ-ਵੱਖ ਵਰਗਾਂ ਅਤੇ ਧਰਮਾਂ ਦੀ ਪੁਸ਼ਤਪਨਾਹੀ ਕਰਨ।

ਭਾਰਤ ਦੀਆਂ ਬਹੁਤ ਸਾਰੀਆਂ ਸਿਆਸੀ ਪਾਰਟੀਆਂ ਅਜੇ ਵੀ ਸੱਭਿਅਕ ਹੋ ਕੇ ਦੇਸ਼ ਦੇ ਜ਼ਰੂਰੀ ਮੁੱਦਿਆਂ 'ਤੇ ਚੱਲਣ ਦੀ ਬਜਾਏ ਵੋਟ ਬੈਂਕ ਲਈ ਸਹਾਈ ਹੁੰਦੀਆਂ ਸਸਤੀਆਂ ਨੀਤੀਆਂ ਅਪਣਾਉਂਦੀਆਂ ਹਨ, ਜਿਸ ਕਾਰਨ ਲੋਕਤੰਤਰੀ ਭਾਵਨਾ ਆਪਣੇ ਪੈਰ ਨਹੀਂ ਪਸਾਰ ਸਕਦੀ। ਦੇਸ਼ ਦੇ ਨੇਤਾ ਲੋਕਾਂ ਨੂੰ ਚੇਤੰਨ ਕਰਨ ਦੇ ਹੱਕ ਵਿੱਚ ਨਹੀਂ, ਕਿਉਂਕਿ ਜੇ ਲੋਕ ਜਾਗ੍ਰਿਤ ਹੋ ਗਏ ਤਾਂ ਉਹ ਨੇਤਾਵਾਂ 'ਤੇ ਸਵਾਲ ਵੀ ਕਰਨਗੇ ਅਤੇ ਭਾਰੂ ਹੋਣ ਦਾ ਯਤਨ ਵੀ ਕਰਨਗੇ।

ਅੱਜ ਭਾਰਤ ਦੇ ਨੇਤਾ ਲੋਕਾਂ ਨੂੰ ਲਾਲਚ ਦਿੰਦੇ ਹਨ ਅਤੇ ਵਾਅਦਿਆਂ ਦੇ ਹੈਂਗਰ 'ਤੇ ਟੰਗਦੇ ਹਨ, ਜਿਨ੍ਹਾਂ ਤੋਂ ਮੁੜ ਉਤਾਰਨ ਦਾ ਚੇਤਾ ਹੀ ਨਹੀਂ ਰੱਖਦੇ। ਕਰਜ਼ੇ ਮਾਫ਼ ਕਰਨੇ, ਨੌਕਰੀਆਂ ਦੇਣੀਆਂ, ਲੈਪਟਾਪ ਵੰਡਣ ਦੇ ਮਸਲੇ, ਸਮਾਰਟ ਫੋਨ ਦੇਣੇ ਅਤੇ ਇਸ ਤਰ੍ਹਾਂ ਦੇ ਹੋਰ ਲਾਰੇ ਭਾਰਤੀ ਵੋਟਰਾਂ ਨੂੰ ਭਰਮਾਉਂਦੇ ਹਨ, ਜਿਨ੍ਹਾਂ ਕਾਰਨ ਸਰਕਾਰ ਬਣਾਉਣ ਵਾਲੇ ਸਰਕਾਰ ਬਣਾ ਲੈਂਦੇ ਹਨ ਅਤੇ ਦੇਸ਼ ਦਾ ਲੋਕਤੰਤਰ ਸਿੱਧ ਹੁੰਦਾ ਹੈ ਕਿ ਲੋਕ ਅਜੇ ਇਸ ਦੇ ਹਾਣ ਦੇ ਨਹੀਂ ਹੋਏ।

ਚੰਗਾ ਹੋਵੇ ਜੇ ਦੇਸ਼ ਦੇ ਲੋਕਤੰਤਰ ਦੀਆਂ ਨੀਹਾਂ ਪੰਚਾਇਤਾਂ ਨੂੰ ਮਜ਼ਬੂਤ ਕੀਤਾ ਜਾਵੇ। ਹੋਰ ਲੋਕਤੰਤਰੀ ਸੰਸਥਾਵਾਂ ਨੂੰ ਤਰਜੀਹ ਵੀ ਦਿੱਤੀ ਜਾਵੇ, ਤਵੱਜੋ ਵੀ ਅਤੇ ਅਹਿਮੀਅਤ ਵੀ, ਤਾਂ ਕਿ ਲੋਕਤੰਤਰ ਨੂੰ ਮਜ਼ਬੂਤੀ ਮਿਲ ਸਕੇ। ਦੇਸ਼ ਦੇ ਨੇਤਾਵਾਂ ਦੀ ਕਾਰਗੁਜ਼ਾਰੀ ਤਾਂ ਹੀ ਚੰਗੀ ਸਮਝੀ ਜਾ ਸਕਦੀ ਹੈ, ਜੇਕਰ ਉਹ ਲੋਕਤੰਤਰ ਦੇ ਮਿਆਰ ਨੂੰ ਸਦਾ ਹੀ ਉੱਚਾ ਚੁੱਕਣ ਦਾ ਜਤਨ ਕਰਨ, ਨਾ ਕਿ ਨੀਵਾਂ ਕਰਨ ਦਾ। ਦੇਸ਼ ਦੇ ਲੋਕ ਖ਼ੁਦ ਵੀ ਹੰਭਲਾ ਮਾਰਨ ਅਤੇ ਆਪਣੇ ਆਪ ਤੋਂ ਉੱਚਾ ਉੱਠ ਕੇ ਲੋਕਤੰਤਰੀ ਪ੍ਰਣਾਲੀ ਦੇ ਹਾਣ ਦੇ ਹੋਣ।

ਲੋਕਤੰਤਰੀ ਪ੍ਰਣਾਲੀ ਦੇ ਹਾਣੀ ਨਾ ਹੋਣ ਕਾਰਨ ਦੇਸ਼ ਅੱਗੇ ਨਹੀਂ ਵਧ ਸਕਦਾ ਅਤੇ ਲੋੜੀਂਦਾ ਵਿਕਾਸ ਨਹੀਂ ਕਰ ਸਕਦਾ। ਜ਼ਰੂਰੀ ਹੈ ਕਿ ਨੇਤਾ-ਲੋਕ ਦੇਸ਼ ਦੀ ਜਨਤਾ ਨਾਲ ਮਿਲ ਕੇ ਲੋਕਤੰਤਰ ਦੇ ਮੁੱਲਾਂ ਅਤੇ ਮਿਆਰਾਂ ਨੂੰ ਬਣਾਈ ਰੱਖਣ ਲਈ ਕਾਰਜ ਕਰਨ। ਲੋਕਤੰਤਰ ਦੇ ਹਾਣੀ ਹੋਏ ਬਿਨਾਂ ਦੂਜੇ ਮੁਲਕਾਂ ਦੇ ਮੋਢੇ ਨਾਲ ਮੋਢਾ ਮਿਲਾ ਕੇ ਨਹੀਂ ਤੁਰਿਆ ਜਾ ਸਕਦਾ। ਅੱਜ ਦੇ ਯੁੱਗ ਵਿੱਚ ਪੱਛੜ ਕੇ ਰਹਿਣਾ ਠੀਕ ਨਹੀਂ, ਕਿਉਂਕਿ ਵਿਗਿਆਨਕ ਕਾਢਾਂ ਮਨੁੱਖ ਲਈ ਏਨੀਆਂ ਸਹੂਲਤਾਂ ਪੈਦਾ ਕਰ ਰਹੀਆਂ ਹਨ, ਜਿਹੜੀਆਂ ਇੱਕ-ਦੂਜੇ ਦੇਸ਼ ਤੋਂ ਲੈ ਦੇ ਕੇ ਹੀ ਸਰ ਸਕਦਾ ਹੈ, ਇਕੱਲਿਆਂ ਰਹਿ ਕੇ ਨਹੀਂ। ਕੇਵਲ ਲੋਕਤੰਤਰ ਦੇ ਹਾਣ ਦੇ ਹੀ ਨਹੀਂ, ਸਗੋਂ ਅੱਜ ਦੇ ਹਾਣੀ ਬਣੇ ਬਗੈਰ ਵੀ ਨਹੀਂ ਸਰਨਾ।

### ਸਾਹਿਤ ਦਾ ਦੇਵ ਨਹੀਂ ਰਿਹਾ

ਦੇਵ ਭਾਰਦਵਾਜ ਕਹਾਣੀਕਾਰ, ਨਾਵਲਕਾਰ ਵੀ ਸੀ ਅਤੇ ਸੰਪਾਦਕ ਵੀ। ਉਸ ਨੇ ਦੇਸ਼-ਵਿਦੇਸ਼ ਵਿੱਚ ਸਾਹਿਤਕ ਰੌਣਕਾਂ ਲਾਈਆਂ ਹੋਈਆਂ ਸਨ। ਉਹ ਇਕੱਲਾ ਹੀ ਕਿਸੇ ਵੱਡੀ ਸੰਸਥਾ ਜਿੰਨਾ ਕੰਮ ਕਰੀ ਜਾਂਦਾ ਸੀ ਅਤੇ ਕਿਸੇ ਦੀ ਉਡੀਕ ਨਹੀਂ ਸੀ ਕਰਦਾ।

ਗੁਰਦਾਸਪੁਰ ਜ਼ਿਲ੍ਹੇ ਦੇ ਛੋਟੇ ਜਿਹੇ ਪਿੰਡ ਮਰੂੜ ਅੰਦਰ ਜਨਮ ਲੈ ਕੇ ਉਹ ਉਡਾਰੀ ਭਰਦਿਆਂ ਦੇਰ ਪਹਿਲਾਂ ਚੰਡੀਗੜ੍ਹ ਪਹੁੰਚ ਗਿਆ, ਜਿੱਥੇ ਸਿੱਖਿਆ ਨਾਲ ਸੰਬੰਧਤ ਡੀ ਪੀ ਆਈ ਕਾਲਜਜ਼ ਵਿੱਚ ਨੌਕਰੀ ਕਰਦਾ ਰਿਹਾ। ਸੁਪਰਡੈਂਟ ਦੀ ਪਦਵੀ ਤੋਂ ਰਿਟਾਇਰ ਹੋ ਕੇ ਉਸ ਨੇ ਸਾਹਿਤਕ ਸਮਾਗਮਾਂ ਦੀ ਲੜੀ ਸ਼ੁਰੂ ਕਰ ਲਈ। ਪੈਸਾ ਨਾ ਧੇਲਾ ਪਰ ਸਾਰੇ ਕੰਮ ਬੜੀ ਸੌਖੀ ਤਰ੍ਹਾਂ ਨੇਪਰੇ ਚਾੜ੍ਹਦਾ ਰਹਿੰਦਾ। ਚੰਡੀਗੜ੍ਹ, ਕੁਰੂਕਸ਼ੇਤਰ, ਆਗਰਾ, ਉਦੈਪੁਰ, ਥਿਰੂਵਨੰਤਾਪੁਰਮ, ਭੁਵਨੇਸ਼ਵਰ ਅਤੇ ਹੋਰ ਸ਼ਹਿਰਾਂ ਵਿੱਚ ਉਸ ਨੇ ਸਾਹਿਤਕ ਸਮਾਗਮ ਕਰ ਕੇ ਮੇਲਿਆਂ ਵਰਗਾ ਮਾਹੌਲ ਪੈਦਾ ਕੀਤਾ। ਉਸ ਦਾ ਆਖ਼ਰੀ ਸਮਾਗਮ ਇੰਦੌਰ ਵਿੱਚ ਸੀ, ਜੋ ਬੜਾ ਹੀ ਸਫ਼ਲ ਤੇ ਰੌਣਕੀਲਾ ਰਿਹਾ।

ਉਸ ਦੀਆਂ ਲਿਖਤਾਂ 'ਨਾਗਮਣੀ' ਵਿੱਚ ਛਪੀਆਂ। ਉਹ ਖ਼ੁਦ 'ਕਾਫ਼ਲਾ ਇੰਟਰਨੈਸ਼ਨਲ' ਅੰਗਰੇਜ਼ੀ ਮੈਗਜ਼ੀਨ ਕੱਢਦਾ ਰਿਹਾ, ਜਿਸ ਨੂੰ ਦੇਸ਼-ਵਿਦੇਸ਼ ਦੇ ਲੇਖਕਾਂ ਤੱਕ ਪਹੁੰਚਾਉਂਦਾ ਰਿਹਾ। ਉਹ 'ਅੰਗ ਸੰਗ ਪੰਜਾਬ' ਦਾ ਸੰਪਾਦਕ ਬਣ ਕੇ ਮੇਰੇ ਨਾਲ ਕੰਮ ਕਰਦਾ ਰਿਹਾ। ਉਸ ਨੇ ਨਾਟਕ ਵੀ ਲਿਖੇ। ਇੱਕ ਨਾਟਕ 'ਕਿਸ਼ਨਾ' ਤਾਂ ਉਹ ਚੈਕੋਸਲਵਾਕੀਆ ਵਿੱਚ ਖੇਡ ਕੇ ਆਇਆ। ਉਸ ਨੇ ਕਈ ਮੁਲਕਾਂ ਦੀ ਸੈਰ ਕੀਤੀ ਅਤੇ ਦੋਸਤ ਕਮਾਏ।

ਉਸ ਨੇ ਕੇਵਲ ਪੰਜਾਬੀ ਸਾਹਿਤ ਅਤੇ ਸੱਭਿਆਚਾਰ ਦੀ ਤਰੱਕੀ ਅਤੇ ਪਸਾਰ ਲਈ ਕੰਮ ਨਹੀਂ ਕੀਤਾ, ਸਗੋਂ ਦੂਜੀਆਂ ਭਾਸ਼ਾਵਾਂ ਅਤੇ ਦੂਜੀਆਂ ਕਲਾਵਾਂ ਲਈ ਵੀ ਬਾਹਾਂ ਅੱਡੀ ਰੱਖੀਆਂ। ਉਸ ਦੀ ਗਲਵੱਕੜੀ ਬੜੀ ਵਿਸ਼ਾਲ ਸੀ, ਜਿਸ ਵਿੱਚ ਕਈ ਮੁਲਕ ਨਿੱਘ ਨਾਲ ਵਸ ਰਹੇ ਸਨ। ਕੁਝ ਸਮਾਂ ਪਹਿਲਾਂ ਉਸ ਦਾ ਛੋਟਾ ਪੁੱਤਰ ਰਮਨ ਆਰਟਿਸਟ ਵੀ ਅਮਰੀਕਾ ਜਾ ਵਸਿਆ ਤਾਂ ਉਹ ਵੀ ਮਗਰ ਤੁਰ ਗਿਆ, ਕਿਉਂਕਿ ਦੇਵ ਆਪਣੀ ਪਤਨੀ ਦੇ ਤੁਰ ਜਾਣ ਬਾਅਦ ਇਕੱਲਾ ਰਹਿ ਗਿਆ ਸੀ, ਪਰ ਉਹ ਜੁਲਾਈ ਵਿੱਚ ਹੀ ਏਧਰ ਆਇਆ ਸੀ ਅਤੇ 2019 ਦੇ ਅਪ੍ਰੈਲ ਵਿੱਚ ਉਸ ਨੇ ਅਮਰੀਕਾ ਪਰਤ ਜਾਣਾ ਸੀ, ਪਰ ਉਸ ਨੂੰ ਹੁਣ ਤਾਂ ਉਹ ਯਾਤਰਾ ਕਰਨੀ ਪੈ ਗਈ ਜਿੱਥੋਂ ਅੱਜ ਤੱਕ ਕੋਈ ਵੀ ਸ਼ਖਸ ਕਦੇ ਵਾਪਸ ਨਹੀਂ ਪਰਤਿਆ।

ਦੇਵ ਦਾ ਸਾਹਿਤਕ ਕਾਫ਼ਲਾ ਤੁਰਦਾ ਰਹੇਗਾ ਉਸ ਦੇ ਸਾਥੀ ਇਸ ਮਿਸ਼ਾਲ ਨੂੰ ਜਗਦੀ ਰੱਖਣਗੇ। ਦੇਵ ਨੂੰ ਅਲਵਿਦਾ ਕਹਿੰਦਿਆਂ ਹਰ ਇੱਕ ਦੇ ਨੇਤਰਾਂ ਵਿੱਚ ਕਈ ਦਰਿਆ ਵਹਿੰਦੇ ਰਹਿਣਗੇ। ਉਹ ਇਸ ਲਈ ਵੀ ਹਰਮਨ-ਪਿਆਰਾ ਸੀ ਕਿ ਉਹ ਵੱਖ-ਵੱਖ ਕਵੀਆਂ ਦੀਆਂ ਰਚਨਾਵਾਂ ਨੂੰ ਪਸੰਦ ਵੀ ਕਰਦਾ ਸੀ ਅਤੇ ਸੁਰ ਗਾ ਵੀ ਲੈਂਦਾ ਸੀ।

### ਲਤੀਫੇ ਦਾ ਚਿਹਰਾ-ਮੋਹਰਾ

ਰਾਮੂ ਨੇ ਬਹੁਤ ਹਿੰਮਤ ਕਰਕੇ ਆਪਣੀ ਪਸੰਦ ਦੀ ਲੜਕੀ ਨੂੰ ਵਿਆਹ ਕਰਾਉਣ ਦੀ ਪੇਸ਼ਕਸ਼ ਕਰ ਦਿੱਤੀ।
ਲੜਕੀ ਨੇ ਤੁਰਤ ਹੀ ਨਾਂਹ ਕਰਦਿਆਂ ਕਿਹਾ ਕਿ ਤੇਰੇ ਨਾਲ ਵਿਆਹ ਕਰਵਾਉਣ ਨਾਲੋਂ ਪਹਿਲਾਂ ਮਰਨਾ ਚੰਗਾ ਸਮਝਾਂਗੀ।
ਮਾਯੂਸੀ ਦੇ ਘੋਰ ਆਲਮ ਵਿਚ ਰਾਮੂ ਬੋਲਿਆ, ਇਹ ਕੀ ਹੋਇਆ ਮਰ ਜਾਣਾ ਚੰਗਾ ਸਮਝਾਂਗੀ – ਪਰ ਕੀ ਤੂੰ ਕਿਸੇ ਗਰੀਬ ਦਾ ਭਲਾ ਨਹੀਂ ਕਰ ਸਕਦੀ।

# ਬੇਗਮਪੁਰਾ ਸਹਰ ਕਾ ਨਾਉ...

(ਸਫਾ 25 ਦੀ ਬਾਕੀ)

ਅੰਦਰ ਵਿੱਥਾਂ ਪਾਈਆਂ। ਗੁਰੂਆਂ, ਪੀਰਾਂ ਤੇ ਭਗਤਾਂ ਵਲੋਂ ਦਿੱਤਾ ਮਨੁੱਖਵਾਦ ਦਾ ਫਲਸਫਾ ਅਸੀਂ ਰੁਮਾਲਿਆਂ ਥੱਲੇ ਹੀ ਢਕ ਦਿੱਤਾ। ਉਨ੍ਹਾਂ ਦਾ ਸਾਰੀ ਮਨੁੱਖਤਾ ਨੂੰ ਕਲਾਵੇ ਵਿਚ ਲੈਂਦਾ ਵਿਚਾਰ ਅਸੀਂ ਹਿੱਸਿਆਂ ਵਿਚ ਵੰਡ ਛੱਡਿਆ। ਵੰਡ ਕੇ ਕੀਤੀਆਂ ਫਾੜੀਆਂ ਨੂੰ ਸਮੁੱਚਤਾ ਦਾ ਨਾਂ ਦੇ ਕੇ ਦਿਲ ਨੂੰ ਰਾਜ਼ੀ ਕਰਨ ਲੱਗੇ। ਸਾਡੀਆਂ ਆਪਣੇ ਤੱਕ ਸੀਮਤ ਲਾਲਸਾਵਾਂ ਨੇ ਮਹਾਂਪੁਰਸ਼ਾਂ ਦੇ ਵਿਚਾਰਾਂ ਨੂੰ ਪਰਖਣ, ਸਮਝਣ-ਸਮਝਾਉਣ, ਨਾਪਣ-ਤੋਲਣ ਦੀ ਥਾਵੇਂ ਉਨ੍ਹਾਂ ਤੇ ਕਬਜਾ ਕੀਤਾ। ਇਸੇ ਕਬਜਾਵਾਦੀ ਰੁਚੀ ਤੋਂ ਦੁਖੀ ਹੋ ਕੇ ਡਾ: ਧਰਮ ਪਾਲ ਸਿੰਗਲ ਨੇ ਆਪਣੀ ਪੁਸਤਕ 'ਸੰਤ ਸ਼ਿਰੋਮਣੀ ਰਵਿਦਾਸ' ਵਿਚ ਲਿਖਿਆ ਹੈ ਕਿ "ਬਾਲਮੀਕ ਮਹਾਨ ਕਵੀ ਤੇ ਰਿਸ਼ੀ ਹੋਏ ਹਨ ਪਰ ਉਨ੍ਹਾਂ ਦਾ ਜਨਮ ਦਿਨ ਮਨਾਉਣ ਦਾ ਕੰਮ ਸਿਰਫ ਸਫਾਈ ਮਜ਼ਦੂਰ ਹੀ ਕਰਦੇ ਹਨ। ਕਬੀਰ ਰੱਬ ਰੂਪ ਹੋ ਚੁੱਕੇ ਮਹਾਨ ਚਿੰਤਕ, ਦਾਰਸ਼ਨਿਕ ਤੇ ਸੰਤ ਕਵੀ ਹੋਏ ਹਨ ਪਰ ਉਹ ਸਿਰਫ ਜੁਲਾਹਿਆਂ ਦੇ ਜਾਂ ਕਬੀਰ ਪੰਥੀਆਂ ਦੇ, ਨਾਮਦੇਵ ਛੀਂਬਿਆਂ ਦੇ, ਗੁਰੂ ਨਾਕ ਦੇਵ ਸਿੱਖਾਂ ਦੇ ਸੈਨ ਕੇਵਲ ਨਾਈਆਂ ਦੇ ਅਤੇ ਗੁਰੂ ਰਵਿਦਾਸ ਕੇਵਲ ਚਮਾਰਾਂ ਦੇ ਗੁਰੂ ਤੇ ਮਹਾਂਪੁਰਸ਼ ਬਣ ਕੇ ਰਹਿ ਗਏ ਹਨ।" ਇਨ੍ਹਾਂ ਗੱਲਾਂ ਵਲ ਧਿਆਨ ਦੇਣ ਦੀ ਸਖਤ ਲੋੜ ਹੈ, ਇਹ ਵੰਡੀਆਂ ਹੀ ਹਨ ਜੋ ਨਫਰਤ ਨੂੰ ਜਨਮ ਦਿੰਦੀਆਂ ਹਨ। ਇਹ ਨਫਰਤ ਹੀ ਮਨੁੱਖਾਂ ਵਿਚ ਵਿੱਥਾਂ ਪੈਦਾ ਕਰ ਦਿੰਦੀ ਹੈ। ਅਸੀਂ ਚੱਲੀਆਂ ਸਾਂਝੀਆਂ ਸਮਾਜਕ ਲਹਿਰਾਂ ਦੇ ਵਾਰਸ ਨਾ ਬਣ ਸਕੇ। ਹੋਰ ਤਾਂ ਹੋਰ ਅਸੀਂ ਤਾਂ ਭਗਤੀ ਲਹਿਰ ਦਾ ਵਿਰਸਾ ਵੀ ਨਾ ਸੰਭਾਲ ਸਕੇ। ਸਮਾਜ ਵਿਚ ਸਮੇਂ ਸਮੇਂ ਵਾਪਰਦੇ ਫਿਰਕੂ ਦੁਖਾਂਤ (ਫਸਾਦ) ਇਨ੍ਹਾਂ ਸਾਂਝੀਆਂ ਲਹਿਰਾਂ ਦੇ ਵਾਰਸ ਬਣਨ ਵਲ ਵਰਤੀ ਗਈ ਅਣਗਹਿਲੀ ਦਾ ਵੀ ਸਿੱਟਾ ਕਹੇ ਜਾ ਸਕਦੇ ਹਨ।

ਗੁਰੂ ਰਵਿਦਾਸ ਦੀ ਬਾਣੀ ਵਿਚ ਸਿਰਜੇ 'ਬੇਗਮਪੁਰੇ' ਦੇ ਸੰਲਕਪ ਦਾ ਰਾਜਨੀਤਕ ਮਹੱਤਵ ਸਮਝਣਾ ਅੱਜ ਦੀ ਬੜੀ ਵੱਡੀ ਲੋੜ ਹੈ। ਉਹ ਤੰਗਦਸਤੀਆਂ ਵਾਲੇ ਭੈੜੇ ਰਾਜ ਤੋਂ ਪਰ੍ਹਾਂ ਦੀ ਗੱਲ ਕਰਦੇ ਹਨ, ਜਿੱਥੇ ਭੈਅ, ਦੁੱਖ ਤੇ ਚਿੰਤਾ ਦਾ ਨਿਸ਼ਾਨ ਤੱਕ ਨਾ ਹੋਵੇ। ਲੋਕ ਇਕ ਦੂਜੇ ਨੂੰ ਪਿਆਰ ਕਰਨ। ਸਭ ਰਲ ਮਿਲ ਕੇ, ਇਕ ਦੂਜੇ ਦਾ ਹੋ ਕੇ ਹਰ ਕਿਸੇ ਦਾ ਦੁੱਖ ਸੁਖ ਵੰਡਾਉਣ। ਇਸ ਗੱਲ ਨੂੰ ਵਰਤਮਾਨ 'ਚ ਰੱਖ ਕੇ ਸੋਚਣਾ ਤੇ ਸਮਝਣਾ ਕੋਈ ਔਖੀ ਗੱਲ ਨਹੀਂ। ਅਸੀਂ ਨਿੱਤ ਦੁੱਖੜੇ ਜਰ ਰਹੇ ਹਾਂ। ਇਹ ਕਿਸੇ ਸਮਾਜੀ, ਰਾਜਸੀ ਤੇ ਆਰਥਕ ਪ੍ਰਬੰਧ ਦੀ ਹੀ ਦੇਣ ਹੈ ਜੋ ਸਾਨੂੰ ਸਭ ਨੂੰ ਮੁਸੀਬਤਾਂ ਭਰੀ ਜ਼ਿੰਦਗੀ ਦੇ ਗਧੀ-ਗੇੜ 'ਚ ਪਾਈ ਫਿਰਦਾ ਹੈ। ਨਿੱਤ ਹੰਢਾਈਆਂ ਜਾ ਰਹੀਆਂ ਇਨ੍ਹਾਂ ਮੁਸੀਬਤਾਂ ਦੇ ਪਿੱਛੇ ਕੰਮ ਕਰਦੇ ਕਾਰਨਾਂ ਨੂੰ ਲੱਭਣਾਂ ਫੇਰ ਇਨ੍ਹਾਂ ਤੋਂ ਛੁਟਕਾਰਾ ਪਾਉਣ ਬਾਰੇ ਸੋਚਣਾ ਅਤੇ ਮਨੁੱਖਵਾਦੀ, ਦੁੱਖਾਂ-ਫਿਕਰਾਂ ਤੇ ਮੁਸੀਬਤਾਂ ਰਹਿਤ ਮੁਹੱਬਤ ਭਰੇ 'ਬੇਗਮਪੁਰੇ' ਦੀ ਸਿਰਜਣਾ ਸਾਡਾ ਮਨੋਰਥ ਹੋਣਾ ਚਾਹੀਦਾ ਹੈ।

ਬੇਗਮਪੁਰਾ ਸਹਰ ਕਾ ਨਾਉ॥
ਦੂੱਖ ਅੰਦੋਹੁ ਨਹੀਂ ਤਿਹਿ ਠਾਉ॥
ਨਾ ਤਸਵੀਸ ਖਿਰਾਜੁ ਨਾ ਮਾਲੁ॥
ਖਉਫੁ ਨ ਖਤਾ ਨ ਤਰਸੁ ਜੁਵਾਲੁ॥
ਅਬ ਮੋਹਿ ਖੂਬ ਵਤਨ ਗਹ ਪਾਈ॥
ਉਹਾਂ ਖੈਰਿ ਸਦਾ ਮੇਰੇ ਭਾਈ॥
ਕਾਇਮੁ ਦਾਇਮੁ ਸਦਾ ਪਾਤਿਸਾਹੀ॥
ਦੋਮ ਨ ਸੇਮ ਏਕ ਸੋ ਆਹੀ॥
ਆਬਾਦਾਨ ਸਦਾ ਮਸਹੂਰ॥
ਊਹਾਂ ਗਨੀ ਬਸਹਿ ਮਾਮੂਰ॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ॥
ਮਹਰਮ ਮਹਲ ਨ ਕੋ ਅਟਕਾਵੈ॥
ਕਹਿ ਰਵਿਦਾਸ ਖਲਾਸ ਚਮਾਰਾ॥
ਜੋ ਹਮ ਸਹਿਰੀ ਸੋ ਮੀਤੁ ਹਮਾਰਾ॥

ਅੱਜ ਦਾ ਇਨਸਾਨ ਵਿਖਾਵੇ ਦਾ ਬਹੁਤ ਆਦੀ ਹੋ ਗਿਆ ਹੈ, ਭਾਵ ਵਿਖਾਵਾ ਸਾਡਾ ਅੱਜ ਦਾ ਨਵਾਂ ਫੈਸ਼ਨ ਬਣ ਗਿਆ ਹੈ। ਭਗਤੀ ਤੇ ਧਾਰਮਕ ਸਮਾਗਮ ਵੀ ਵਿਖਾਵੇ ਦੀ ਭੇਟ ਹੋ ਜਾਂਦੇ ਹਨ। ਆਪੋ ਆਪਣੇ ਥਾਂ ਸਿਰਫ ਟੱਲੀਆਂ, ਘੜਿਆਲਾਂ ਤੇ ਛੈਣੇ ਬਜਾ ਕੇ, ਉੱਚੀ ਉੱਚੀ ਕੀਰਤਨ, ਜਗਰਾਤੇ ਕਰਕੇ ਕੁੱਝ ਨਹੀਂ ਬਣਨਾ ਸਰਨਾ, ਗੱਲ ਤਾਂ ਅਮਲ ਦੀ ਹੈ। ਮਨੋਰਥ ਰਹਿਤ ਫੋਕੀ ਭਗਤੀ ਦੀ ਥਾਂ ਮਨੁੱਖਤਾ ਦੀ ਦੁੱਖਾਂ, ਕਸ਼ਟਾਂ ਤੋਂ ਮੁਕਤੀ ਦਾ ਪ੍ਰਗਟਾਵਾ ਹੋਣਾ ਅਤੇ ਇਸ ਵਾਸਤੇ ਜਰੂਰੀ ਹੈ। ਇਹ ਸਭ ਕੁੱਝ ਮਨੁੱਖਤਾ ਦੀਆਂ ਹੱਦਾਂ ਦੇ ਅੰਦਰ ਰਹਿ ਕੇ ਹੀ ਹੋਣਾ ਚਾਹੀਦਾ ਹੈ। ਲੋਕ ਹਰ ਸਾਲ ਹੀ ਕਿਸੇ ਮਹਾਂਪੁਰਸ਼ ਦੀ ਯਾਦ ਵਿਚ ਸਿਰਫ ਇਕ ਦਿਨ ਇਕੱਠੇ ਹੁੰਦੇ ਹਨ, ਜਨਮ ਪੁਰਬ ਮਨਾਉਣ ਦਾ ਜਤਨ ਕਰਦੇ ਹਨ। ਆਮ ਕਰਕੇ ਆਪੋ ਆਪਣੀ ਗੱਲ ਦਾ ਰੌਲਾ ਪਾ ਕੇ ਘਰੋ-ਘਰੀ ਤੁਰ ਜਾਂਦੇ ਹਨ। ਕਿਸੇ ਮਹਾਂਪਰਸ਼ ਦੀ ਯਾਦ ਸਿਰਫ ਇਕ ਦਿਨ? ਕੀ ਇਹ ਕਾਫੀ ਹੈ? ਨਹੀਂ, ਇਹ ਕੁੱਝ ਕਾਫੀ ਨਹੀਂ। ਇਹ ਕੁੱਝ ਵਿਖਾਵਾ ਹੈ ਜਿਸ ਦੇ ਗੁਰੂ ਰਵਿਦਾਸ ਜੀ ਵਿਰੋਧੀ ਸਨ।

ਗੁਰੂ ਰਵਿਦਾਸ ਜੀ ਨੂੰ ਸਹੀ ਤੌਰ ਤੇ ਆਪਣੀ ਸ਼ਰਧਾ ਦੇ ਫੁੱਲ ਭੇਟ ਕਰਨ ਵਾਸਤੇ ਉਨ੍ਹਾਂ ਵਲੋਂ ਸਿਰਜੇ ਬੇਗਮਪੁਰੇ (ਗਮਾਂ, ਦੁੱਖਾਂ ਤੋਂ ਰਹਿਤ) ਦੇ ਸੰਕਲਪ ਜਿਸਨੂੰ ਅੱਜ ਦੀ ਸੋਚ ਵਾਲੀ ਭਾਸ਼ਾ ਵਿਚ ਸਮਾਜਵਾਦੀ ਪ੍ਰਬੰਧ ਕਿਹਾ ਜਾਂਦਾ ਹੈ ਨੂੰ ਆਪਣੀ ਸੋਚ ਨਾਲ ਬੰਨ੍ਹ ਕੇ, ਨਿੱਤ ਦਿਹਾੜੀ ਆਪਣੇ ਮੱਥੇ 'ਚ ਰੱਖ ਕੇ, ਇਹਦੇ 'ਤੇ ਅਮਲ ਕਰਨਾ। ਬਦੀ ਦਾ ਰਾਜ, ਕੋਹਝ ਦੀਆਂ ਸ਼ਕਤੀਆਂ, ਭਰਮਾਂ ਤੇ ਅੰਧਵਿਸ਼ਵਾਸ ਫੈਲਾਉਣ ਵਾਲੀਆਂ ਤਾਕਤਾਂ ਦੇ ਖਾਤਮੇ ਵਲ ਵਧਣਾ ਹੀ ਮਨੁੱਖਤਾ ਦੀ ਸਭ ਤੋਂ ਵੱਡੀ ਅਤੇ ਚੰਗੀ ਸੇਵਾ ਹੈ। ਇਹ ਹੀ ਗੁਰੂ ਰਵਿਦਾਸ ਜੀ ਨੂੰ ਯਾਦ ਰੱਖਣ ਤੇ ਯਾਦ ਕਰਨ ਦਾ ਸਹੀ ਢੰਗ ਹੋ ਸਕਦਾ ਹੈ। ਅਸੀਂ ਨਿੱਤ ਚੇਤੇ ਕਰੀਏ, ਉਨ੍ਹਾਂ ਦੀਆਂ ਸਿਖਿਆਵਾਂ 'ਤੇ ਅਮਲ ਕਰਦਿਆਂ ਮਨੁੱਖਤਾ ਦੀ ਸੇਵਾ ਵਾਲਾ ਰਾਹ ਫੜੀਏ, ਸਾਂਝੀਵਾਲਤਾ ਵਾਲਾ ਭਾਈਚਾਰਾ ਕਾਇਮ ਕਰੀਏ ਤੇ ਸੰਸਾਰ ਅੰਦਰ ਗੁਰੂ ਰਵਿਦਾਸ ਜੀ ਦਾ ਦਿੱਤਾ ਸੁਨੇਹਾ ਪਹੁੰਚਾਈਏ।

ਉਨ੍ਹਾਂ ਦਾ ਸੁਨੇਹਾ ਕਿ :-
ਐਸਾ ਚਾਹੂੰ ਰਾਜ ਮੈਂ ਜਹਾਂ ਮਿਲੇ ਸਭਨ ਕੋ ਅੰਨ
ਬੜੇ ਛੋਟੇ ਸਭ ਸਮ ਬਸੇ ਰਵਿਦਾਸ ਰਹੇ ਪ੍ਰਸੰਨ।

**ਸਮੁੱਚੀ ਮਾਨਵਤਾ ਨੂੰ ਧੰਨ ਗੁਰੂ ਰਵਿਦਾਸ ਜੀ ਮਹਾਰਾਜ ਦੇ ਪ੍ਰਕਾਸ਼ ਪੁਰਬ ਦੀ ਲੱਖ ਲੱਖ ਵਧਾਈ ਹੋਵੇ**

### ਖ਼ੁਦਾਈ ਨੂਰ

ਸੋਹਣਾ ਖ਼ੁਦਾ ਦਾ ਰੂਪ ਹੈ , ਉਹ ਸੱਚ ਦਾ ਪ੍ਰਕਾਸ਼ ਹੈ।
ਸੁਣਿਓਂ ਐ ਦੁਨੀਆਂ ਵਾਲ਼ਿਓ ! ਉਹ ਧੰਨ ਗੁਰੂ ਰਵਿਦਾਸ ਹੈ।

ਮਾਨੁੱਖਤਾ ਨੂੰ ਮਾਣ ਹੈ, ਉਹਦੇ ਫ਼ਲਸਫ਼ੇ ਮਹਾਨ 'ਤੇ।
ਅਵਤਾਰ ਧਾਰ ਕਰ ਗਿਆ, ਅਹਿਸਾਨ ਹਿੰਦੁਸਤਾਨ 'ਤੇ।

ਉਹ ਵਲ਼ੀ ਯੋਧਾ ਸੂਰਮਾ, ਜਦ ਡਟ ਗਿਆ ਮੈਦਾਨ ਵਿੱਚ।
ਸੀ ਤ੍ਰਭਕ ਗਈਆਂ ਬਿਜਲੀਆਂ, ਸੂਰਜ ਵੀ ਝੁਕਿਆ ਸ਼ਾਨ ਵਿੱਚ।

ਉਸ ਤੀਰ ਮਾਰੇ ਗਿਆਨ ਦੇ, ਤਰਕਾਂ ਦੇ ਤਰਕਸ਼ ਚਾੜ੍ਹ ਕੇ।
ਉਸ ਜੋਤ ਬਾਲ਼ੀ ਸੱਚ ਦੀ, ਭਰਮਾਂ ਦੇ ਪੜਦੇ ਪਾੜ ਕੇ।

ਉਹਦੇ ਦੱਸੇ ਰਾਹ 'ਤੇ ਚੱਲ ਕੇ, ਹੁਣ ਖੋਜੀਏ ਆਪਣਾ ਧੁਰਾ।
ਆਓ ਸਾਰੇ ਸਿਰਜੀਏ, ਰਲ਼ ਕੇ ਅਸੀਂ ਬੇਗ਼ਮਪੁਰਾ।



– ਗੁਰਲਾਲ ਸਿੰਘ ਬਰਾੜ

## ਜ਼ਿਲ੍ਹਾ ਪਠਾਨਕੋਟ ਦੇ ਸ਼ਹੀਦਾਂ ਨੂੰ ਸਮਰਪਿਤ

# ਜ਼ਿਲ੍ਹਾ ਪਠਾਨਕੋਟ ਨੂੰ ਹੈ ਸਖ਼ਤ ਸੁਰੱਖਿਆ ਪ੍ਰਬੰਧ ਦੀ ਲੋੜ



ਮਾਸਟਰ ਹਰੇਸ਼ ਕੁਮਾਰ ਸੈਣੀ
91-84279-19192

ਪੰਜਾਬ ਨੂੰ ਭਾਰਤ ਦਾ ਪ੍ਰਵੇਸ਼ ਦੁਆਰ ਕਿਹਾ ਜਾਂਦਾ ਹੈ। ਇਸ ਪਿੱਛੇ ਕਾਰਨ ਹੈ ਕਿ ਪੁਰਾਤਨ ਸਮੇਂ ਤੋਂ ਹੀ ਵਿਦੇਸ਼ੀ ਹਮਲਾਵਰ ਜਦ ਵੀ ਭਾਰਤ ਉੱਤੇ ਹਮਲਾ ਕਰਦੇ ਸਭ ਤੋਂ ਪਹਿਲਾ ਉਹ ਪੰਜਾਬ ਦੀ ਧਰਤੀ ਉੱਤੇ ਹੀ ਹਮਲਾ ਕਰਦੇ ਸਨ। ਹਮਲਾਵਰ ਪੰਜਾਬ ਦੇ ਰਸਤੇ ਹੀ ਭਾਰਤ ਵਿੱਚ ਪ੍ਰਵੇਸ਼ ਕਰਦੇ ਸਨ। ਇਸ ਦਾ ਮੁੱਖ ਕਾਰਣ ਪੰਜਾਬ ਦਾ ਧੰਨ ਦੌਲਤ, ਮੌਸਮ, ਖਾਣਪੀਣ ਵਿਦੇਸ਼ੀਆਂ ਨੂੰ ਆਪਣੇ ਵੱਲ ਖਿੱਚਦਾ ਰਿਹਾ। ਇੱਕ ਹੋਰ ਕਾਰਣ ਇਹ ਸੀ ਕਿ ਪੰਜਾਬ ਦੀ ਸਮਤਲ ਧਰਤੀ ਵੀ ਵਿਦੇਸ਼ੀਆਂ ਲਈ ਉੱਤਮ ਰਸਤਾ ਸੀ।ਸਦੀਆਂ ਪੁਰਾਣੇ ਸਮੇਂ ਤੋਂ ਭਾਰਤ ਪੰਜਾਬ ਉੱਤੇ ਵਿਦੇਸ਼ੀ ਹਮਲਾਵਰ ਹਮਲੇ ਕਰਦੇ ਆ ਰਹੇ ਹਨ।ਇਹ ਹਮਲੇ ਕਦੇ ਵੀ ਰੁੱਕੇ ਨਹੀਂ ਹਨ। ਹਰ ਸਾਲ ਹੀ ਭਾਰਤ ਅਤੇ ਪੰਜਾਬ ਦੀ ਧਰਤੀ ਉੱਤੇ ਵਿਦੇਸ਼ੀ ਕੋਈ ਨਾ ਕੋਈ ਸਿੱਧਾ ਅਸਿੱਧਾ ਹਮਲਾ ਕਰ ਹੀ ਦੇਂਦੇ ਹਨ। ਪੁਰਾਤਨ ਸਮੇਂ ਤੋਂ ਮੁਗਲ ਕਾਲ ਦੇ ਹਮਲੇ ਵੀ ਪੰਜਾਬ ਰਸਤੇ ਹੋਏ ਅਤੇ ਜਿਲ੍ਹਾ ਪਠਾਨਕੋਟ ਦੀ ਧਰਤੀ ਦਾ









ਇਸਤੇਮਾਲ ਵਿਦੇਸ਼ੀਆਂ ਕੀਤਾ। ਮੁਗਲਾਂ ਦੇ ਹਮਲਿਆਂ ਨਾਲ ਸਬੰਧਿਤ ਕਈ ਨਾਂ ਅਤੇ ਹੋਰ ਸਬੂਤ ਪਠਾਨਕੋਟ ਜ਼ਿਲ੍ਹੇ ਵਿੱਚ ਅੱਜ ਵੀ ਮੌਜੂਦ ਹਨ। ਪਠਾਨਕੋਟ, ਸਾਹਪੁਰ ਕੰਡੀ, ਮਾਧੋਪੁਰ ਕੈਂਟ ਸ਼ੇਹ ਪਿੰਡ ਦੇ ਕਿਲਿਆਂ ਦੇ ਖੰਡਰ ਅਤੇ ਪਠਾਨਕੋਟ ਜ਼ਿਲ੍ਹੇ ਅੰਦਰ ਹੋਰ ਪੁਰਾਤਨ ਖੰਡਰ ਅੱਜ ਵੀ ਵਿਦੇਸ਼ੀ ਹਮਲਾਵਰਾਂ ਦੇ ਪਠਾਨਕੋਟ ਉੱਤੇ ਹੋਏ ਹਮਲਿਆਂ ਦੀ ਗਵਾਹੀ ਭਰਦੇ ਹਨ। ਪਠਾਨਕੋਟ ਜ਼ਿਲ੍ਹੇ ਦੀਆਂ ਚਾਰੇ ਆਖਰੀ ਹੱਦਾਂ ਦੇ ਨਾਲ-ਨਾਲ ਪੁਰਾਤਨ ਮਜ਼ਾਰਾਂ, ਦੇਹਰੀਆਂ ਅਤੇ ਹੋਰ ਧਾਰਮਿਕ ਥਾਂਵਾਂ ਨੂੰ ਵੇਖ ਕਿ ਲੱਗਦਾ ਹੈ ਕਿ ਵਿਦੇਸ਼ੀ ਹਮਲਾਵਰਾਂ ਪਠਾਨਕੋਟ ਉੱਤੇ ਕਬਜ਼ਾ ਕਰਨ ਤੋਂ ਬਾਦ ਇਸ ਦੀ ਸੀਮਾ ਪੂਰੀ ਤਰਾਂ ਸੀਲ ਕਰ ਦਿੱਤੀ ਸੀ। ਅਸਲ ਵਿੱਚ ਇਹ ਪੁਰਾਤਨ ਸਮੇਂ ਪੁਲਸ ਪੋਸਟਾਂ ਸੈਨਿਕ ਮੋਰਚੇ ਸਨ। ਪਠਾਨਕੋਟ ਜ਼ਿਲ੍ਹੇ ਉੱਤੇ ਵਿਦੇਸ਼ੀ ਹਮਲਾਵਰਾਂ ਦਾ ਪ੍ਰਭਾਵ ਅੱਜ ਵੀ ਵੇਖਣ ਨੂੰ ਮਿਲਦਾ ਹੈ। ਮਾਧੋਪੁਰ, ਨਰੋਟ ਜੈਮਲ ਸਿੰਘ, ਭਰਿਆਲ, ਬੰਮਿਆਲ, ਦੀਨਾਨਗਰ, ਹਿਮਾਚਲ ਪ੍ਰਦੇਸ ਅਤੇ ਜੰਮੂ ਕਸ਼ਮੀਰ ਨਾਲ ਲੱਗਦੀ ਪਠਾਨਕੋਟ ਦੀ ਸੀਮਾ ਉੱਤੇ ਖਾਸ ਚੌਕਸੀ ਰੱਖਣ ਦੀ ਲੋੜ ਹੈ। ਇਥੇ ਸੱਭਿਆਚਾਰ ਅਤੇ ਬਨਸਪਤੀ ਵਿੱਚੋਂ ਵੀ ਵਿਦੇਸ਼ੀ ਹਮਲਾਵਰਾਂ ਦੀ ਝਲਕ ਅੱਜ ਵੀ ਵੇਖਣ ਨੂੰ ਮਿਲਦੀ ਹੈ। ਜਿਲ੍ਹਾ ਪਠਾਨਕੋਟ ਦੇ ਪਿੰਡਾਂ ਵਿੱਚ ਵੱਡੀ ਗਿਣਤੀ ਵਿੱਚ ਖਜੂਰਾਂ ਦੇ ਰੁੱਖ ਮੁਗਲ ਕਾਲ ਦੇ ਹਮਲਿਆਂ ਅਤੇ ਅਫ਼ਗਾਨ ਹਮਲਿਆਂ ਦੀ ਗਵਾਹੀ ਭਰਦੇ ਹਨ। ਇਸੇ ਤਰਾਂ ਅੰਗਰੇਜ਼ਾਂ ਵੀ ਪੰਜਾਬ ਉੱਤੇ ਹਮਲਾ/ਕਬਜ਼ਾ ਕੀਤਾ ਅਤੇ ਪਠਾਨਕੋਟ ਦੀ ਧਰਤੀ ਦਾ ਇਸਤੇਮਾਲ ਕੀਤਾ। ਅੰਗਰੇਜ਼ ਹਮਲਾਵਰਾਂ ਨਾਲ ਸਬੰਧਿਤ ਬਹੁਤ ਸਾਰੇ ਇਤਿਹਾਸਕ ਸਬੂਤ ਅੱਜ ਵੀ ਪਠਾਨਕੋਟ ਜ਼ਿਲ੍ਹੇ ਦੀ ਧਰਤੀ ਉੱਤੇ ਮੌਜੂਦ ਹਨ। ਪਠਾਨਕੋਟ ਦੇ ਕਸਬਾ ਮਾਧੋਪੁਰ, ਮਾਧੋਪੁਰ ਕੈਂਟ, ਧਾਰ ਤਹਿਸੀਲ ਅਤੇ ਉਸ ਦੇ ਆਸਪਾਸ ਪਿੰਡਾਂ ਵਿੱਚ ਅੱਜ ਵੀ ਮੁਗਲ, ਅੰਗਰੇਜ਼ ਅਤੇ ਹੋਰ ਹਮਲਾਵਰਾਂ ਦੇ ਸਬੂਤ ਅੱਜ ਵੀ ਮੌਜੂਦ ਹਨ। ਜਿਲ੍ਹਾ ਪਠਾਨਕੋਟ ਦੇ ਮਾਧੋਪੁਰ ਇਲਾਕੇ ਵਿੱਚ ਭਾਰਤੀ ਰਾਜਿਆਂ ਅਤੇ ਵਿਦੇਸ਼ੀ ਰਾਜਿਆਂ ਦਰਿਆ ਰਾਵੀ ਉੱਤੇ ਪਾਣੀ ਨਾਲ ਸਬੰਧਿਤ ਯੋਜਨਾਵਾਂ ਵੀ ਸ਼ੁਰੂ ਕੀਤੀਆਂ। ਇਹਨਾਂ ਯੋਜਨਾਵਾਂ ਦੇ ਚਲਦੇ ਜਦ ਵੀ ਕੋਈ ਵਿਦੇਸ਼ੀ ਹਮਲਾਵਰ ਭਾਰਤ ਜਾਂ ਪੰਜਾਬ ਵਿੱਚ ਆਉਂਦਾ ਤਾਂ ਉਹ ਸਭ ਤੋਂ ਪਹਿਲਾ ਪਠਾਨਕੋਟ ਦੀ ਇਸ ਧਰਤੀ ਉੱਤੇ ਕਬਜ਼ਾ ਕਰਨ ਦੀ ਯੋਜਨਾ ਜਰੂਰ ਬਣਾ ਲੈਂਦਾ ਸੀ। ਇਸ ਪਾਣੀ ਉੱਤੇ ਕਬਜ਼ਾ ਕਰਕੇ ਹਰ ਕੋਈ ਹਮਲਾਵਰ ਪੰਜਾਬ ਦੀ ਖੇਤੀ ਨੂੰ ਉੱਨਤ ਕਰਕੇ ਇੱਥੋਂ ਵੱਧ ਤੋਂ ਵੱਧ ਟੈਕਸ ਬਟੋਰਨਾ ਚਾਹੁੰਦਾ ਸੀ। ਪੁਰਾਤਨ ਸਮੇਂ ਭਾਰਤੀ ਰਾਜਿਆਂ ਸਾਹਪੁਰਕੰਡੀ ਤੋਂ ਮਾਧੋਪੁਰ ਤੱਕ ਗੁੰਮ ਨਹਿਰ/ ਅੰਡਰ ਗਰਾਉਂਡ ਨਹਿਰ ਬਣਾਈ ਸੀ ਜਿਸ ਦੇ ਖੰਡਰ ਅੱਜ ਵੀ ਮੌਜੂਦ ਹਨ ਅਤੇ ਇਹ ਖੰਡਰ ਪੁਰਾਤਨ ਕਲਾ ਦਾ ਸੁੰਦਰ ਨਮੂਨਾ ਵੀ ਹੈ। ਇਹ ਨਹਿਰ ਪੰਜਾਬ ਦੀ ਆਖਰੀ ਸੀਮਾ ਉੱਤੇ ਬਣਾਈ ਗਈ ਸੀ। ਇਸ ਨਹਿਰ ਪੰਜਾਬ ਦੀ ਸੀਮਾ ਨੂੰ ਨਿਸ਼ਚਿਤ ਕਰਨ ਦਾ ਕੰਮ ਵੀ ਕਰਦੀ ਸੀ। ਪੁਰਾਤਨ ਸਮੇਂ ਵੀ ਪਠਾਨਕੋਟ ਪੰਜਾਬ ਦੀ ਇਸ ਆਖਰੀ ਸੀਮਾ ਉੱਤੇ ਬੇਹੱਦ ਚੌਕਸੀ ਭਾਰਤੀ ਰਾਜਿਆਂ ਵੱਲੋਂ ਰੱਖੀ ਗਈ ਸੀ। ਵਿਦੇਸ਼ੀ ਰਾਜਿਆਂ ਵੀ ਇਸ ਸੀਮਾ ਉੱਤੇ ਸਖ਼ਤ ਪਹਿਰਾ ਲਗਾ ਕਿ ਰੱਖਿਆ ਸੀ ਇਸ ਦੇ ਅਵਸ਼ੇਸ਼ ਅੱਜ ਵੀ ਇੱਥੇ ਮੌਜੂਦ ਹਨ। ਪਠਾਨਕੋਟ ਦੀ ਧਰਤੀ ਉੱਤੇ ਵਿਦੇਸ਼ੀ ਹਮਲਾਵਰਾਂ ਨੇ ਆਪਣੇ ਪੱਕੇ ਠਿਕਾਣੇ ਬਣਾ ਕਿ ਕਬਜ਼ਾ ਕੀਤਾ ਸੀ।

ਦੇਸ਼ ਅਜ਼ਾਦ ਹੋਣ ਵਕਤ ਵੀ ਪਠਾਨਕੋਟ ਜ਼ਿਲ੍ਹੇ ਦੀ ਧਰਤੀ ਨੂੰ ਟੁੱਕੜੇ ਹੋਣਾ ਪਿਆ ਸੀ। ਇਸ ਜ਼ਿਲ੍ਹੇ ਦੀ ਧਰਤੀ ਦੇ ਲੋਕਾਂ ਨੂੰ ਸ਼ਰਨਾਰਥੀ ਬਣ ਕਿ ਵੀ ਰਹਿਣਾ ਪਿਆ ਸੀ। ਸੰਨ 1965-1971 ਦੀ ਭਾਰਤ-ਪਾਕਿਸਤਾਨ ਜੰਗ ਸਮੇਂ ਵੀ ਪਠਾਨਕੋਟ ਨੂੰ ਦੁਸ਼ਮਣ ਨੇ ਨਿਸ਼ਾਨਾ ਬਣਾਇਆ ਸੀ। ਪਠਾਨਕੋਟ ਸ਼ਹਿਰ ਅੰਦਰ ਅਤੇ ਆਸਪਾਸ ਦੇ ਪਿੰਡਾਂ ਵਿੱਚ ਪਾਕਿਸਤਾਨ ਵੱਲੋਂ ਬੰਬਬਾਰੀ/ ਗੋਲ਼ਾਬਾਰੀ ਕੀਤੀ ਗਈ ਸੀ।ਲੋਕਾਂ ਨੂੰ ਆਪਣੇ ਘਰ-ਘਰਾਟ ਛੱਡ ਕਿ ਇੱਧਰ ਉੱਧਰ ਜਾਣਾ ਪਿਆ ਸੀ। ਪਾਕਿਸਤਾਨ ਦੀ ਖ਼ੁਫ਼ੀਆ ਏਜੰਸੀ ਇੰਟਰ ਸਰਵਿਸ਼ਜ ਇੰਟੈਲੀਜੈਂਸ ਆਈ. ਐਸ. ਆਈ ਨੇ 1980 ਤੋਂ ਲੈ ਕੇ 1992 ਤੱਕ ਪੰਜਾਬ ਵਿੱਚ ਰੱਜ ਕੇ ਖ਼ੂਨ ਦੀ ਹੋਲੀ ਖੇਡੀ ਸੀ। ਆਈ. ਐਸ. ਆਈ ਅਤੇ ਪਾਕਿਸਤਾਨ ਦੀ ਸਾਜਿਸ ਦੇ ਚੱਲਦੇ ਪੰਜਾਬ ਨੂੰ ਕਾਲੇ ਦੌਰ ਵਿੱਚੋਂ ਗੁਜਰਨਾ ਪਿਆ ਸੀ। ਇਸ ਸਭ ਨੇ ਪੰਜਾਬ ਦਾ ਵੱਡਾ ਆਰਥਕ ਵਿਕਾਸਆਤਮਕ ਨੁਕਸਾਨ ਕੀਤਾ ਸੀ ਅਤੇ ਜਿਲ੍ਹਾ ਪਠਾਨਕੋਟ ਨੂੰ ਇਹ ਮਾਰ ਸਹਿਣੀ ਪਈ ਸੀ। ਦੁਸ਼ਮਣ ਹਮਲਾਵਰਾਂ ਦੀ ਚਾਲ ਲੋਕਾਂ ਨੂੰ ਬਹੁਤ ਬਾਦ ਵਿੱਚ ਸਮਝ ਆਈ ਸੀ ਪਰ ਉਸ ਸਮੇਂ ਤੱਕ ਕਾਫ਼ੀ ਨੁਕਸਾਨ ਹੋ ਚੁੱਕਾ ਸੀ। ਇਸ ਕਾਲੇ ਦੌਰ ਦੌਰਾਨ ਪਠਾਨਕੋਟ ਜ਼ਿਲ੍ਹੇ ਅੰਦਰ ਵੀ ਕਈ ਘਟਨਾਵਾਂ ਹੋਈਆ, ਬੰਬ ਧਮਾਕੇ ਅਤੇ ਗੋਲੀਬਾਰੀ ਵੀ ਹੋਈ ਸੀ। ਲੋਕਾਂ ਦਾ ਜਾਨੀ ਅਤੇ ਮਾਲੀ ਨੁਕਸਾਨ ਵੀ ਹੋਇਆ ਸੀ। ਇਹ ਸਭ ਵਿਦੇਸ਼ੀ ਹਮਲਾਵਰਾਂ ਦੀ ਚਾਲ ਸੀ ਅਤੇ ਅਸਿੱਧਾ ਹਮਲਾ ਸੀ। ਇਸ ਤੋਂ ਬਾਦ ਵੀ ਜਿਲ੍ਹਾ ਪਠਾਨਕੋਟ ਦੀਆਂ ਸੀਮਾਵਾਂ ਤੋਂ ਵਿਦੇਸ਼ੀ ਕਈ ਵਾਰ ਭਾਰਤ ਵਿੱਚ ਪ੍ਰਵੇਸ਼ ਕਰਦੇ ਫੜੇ ਗਏ ਹਨ। ਜਿਲ੍ਹਾ ਪਠਾਨਕੋਟ ਅੰਦਰ ਚੱਕੀ ਪੁਲ/ਜਲੰਧਰ ਬਾਈਪਾਸ ਦੇ ਨਜ਼ਦੀਕ ਫੌਜ ਦੀ ਫਾਇਰਿੰਗ ਰੇਂਜ ਉੱਤੇ ਅਭਿਆਸ ਕਰਦੇ ਫੌਜੀਆਂ ਉੱਤੇ ਵੀ ਵਿਦੇਸ਼ੀ ਹਮਲਾਵਰਾਂ/ ਆਤੰਕੀਆਂ ਨੇ ਅੰਨ੍ਹੇਵਾਹ ਗੋਲੀ ਚਲਾ ਕਿ ਫੌਜ ਦੇ ਜਵਾਨ/ਅਧਿਕਾਰੀਆਂ ਨੂੰ ਸ਼ਹੀਦ ਕਰ ਦਿੱਤਾ ਸੀ ਅਤੇ ਜ਼ਖਮੀ ਕਰ ਦਿੱਤਾ ਸੀ। ਜਿਲ੍ਹਾ ਪਠਾਨਕੋਟ ਅੰਦਰੋਂ ਕਈ ਵਾਰ ਸੈਨਿਕ ਠਿਕਾਣਿਆਂ ਦੀ ਟੋਹ/ਛੂਹ ਲੈਂਦੇ ਜਸੂਸ ਵੀ ਫੜੇ ਗਏ ਹਨ। ਇਸ ਤੋਂ ਇਲਾਵਾ ਬਹੁਤ ਵਾਰ ਸੀਮਾ ਤੋਂ ਪਠਾਨਕੋਟ ਜ਼ਿਲ੍ਹੇ ਅੰਦਰ ਪ੍ਰਵੇਸ਼ ਕਰਦੇ ਅੱਤਵਾਦੀ ਵੀ ਫੜੇ ਗਏ ਹਨ। ਬਹੁਤ ਵਾਰ ਫੌਜ, ਬਾਡਰ ਸਕਿਊਰਟੀ ਫੋਰਸ, ਪੰਜਾਬ ਪੁਲਸ ਨਾਲ ਅੰਤਕੀਆਂ ਦਾ ਪਠਾਨਕੋਟ ਜ਼ਿਲ੍ਹੇ ਅੰਦਰ ਮੁਕਾਬਲਾ ਵੀ ਹੋਇਆ ਹੈ। ਇਸ ਵਿੱਚ ਕਈ ਜਵਾਨ ਸ਼ਹੀਦ ਵੀ ਹੋਏ ਹਨ। ਹਾਲ ਵਿੱਚ ਹੀ ਅੱਤਵਾਦੀਆਂ ਪਠਾਨਕੋਟ ਜ਼ਿਲ੍ਹੇ ਦੀ ਧਰਤੀ ਦਾ ਇਸਤੇਮਾਲ ਕਰਦੇ ਦੀਨਾਨਗਰ ਥਾਣੇ ਤੇ ਆਤੰਕੀਂ ਹਮਲਾ ਕੀਤਾ ਸੀ। ਇਸ ਹਮਲੇ ਵਿੱਚ ਪੰਜਾਬ ਪੁਲਸ ਦੇ ਇੱਕ ਸੁਪਰਡੈਂਟ ਆਫ਼ ਪੁਲਸ ਸਰਦਾਰ ਬਲਜੀਤ ਸਿੰਘ ਜੀ ਅਤੇ ਹੋਰ ਮੁਲਾਜ਼ਮ ਬਹਾ-ਦਰੀ ਨਾਲ ਲੜਦੇ ਸ਼ਹੀਦ ਹੋ ਗਏ ਸਨ। ਇਸ ਹਮਲੇ ਵਿੱਚ ਆਮ ਸ਼ਹਿਰੀ/ ਆਮ ਨਾਗਰਿਕ ਵੀ ਹਮਲਾਵਰਾਂ ਮਾਰ ਦਿੱਤੇ ਸਨ। ਇਸ ਆਤੰਕੀ ਹਮਲੇ ਵਿੱਚ ਹੋਰ ਆਮ ਨਾਗਰਿਕ ਅਤੇ ਪੁਲਸ ਮੁਲਾਜ਼ਮ ਜ਼ਖਮੀ ਵੀ ਹੋਏ ਸਨ।

ਵਿਦੇਸ਼ੀ ਹਮਲਾਵਰਾਂ ਦੀ ਨੁਮਾਇੰਦਗੀ ਕਰਨ ਵਾਲੇ ਨਸ਼ਾ ਤਸਕਰ ਅਤੇ ਸਮਗਲਰ ਵੀ ਬਹੁਤ ਵਾਰ ਪਠਾਨਕੋਟ ਦੀ ਅੰਤਰਰਾਸ਼ਟਰੀ ਸੀਮਾ ਤੋਂ ਫੜੇ ਗਏ ਹਨ ਜਾਂ ਉਹ ਸੀਮਾ ਪਾਰ ਕਰਦੇ ਮੁੜ ਵਾਪਸ ਭੱਜਣ ਨੂੰ ਮਜਬੂਰ ਕੀਤੇ ਗਏ ਹਨ। ਵਿਦੇਸ਼ੀ ਹਮਲਾਵਰਾਂ ਨੇ ਅਸਿੱਧੇ ਹਮਲੇ ਨੂੰ ਅੰਜਾਮ ਦੇਂਦੇ ਉਹਨਾਂ ਦੀ ਨੁਮਾਇੰਦਗੀ ਕਰਨ ਵਾਲੇ ਜਸੂਸ/ ਗੈਰ ਸਮਾਜਿਕ ਤੱਤ ਵੀ ਕਈ ਵਾਰ ਪਠਾਨਕੋਟ ਜ਼ਿਲ੍ਹੇ ਅੰਦਰ ਤਾਇਨਾਤ ਫੌਜੀ ਅਤੇ ਹਵਾਈ ਫੌਜ ਇਲਾਕੇ ਵਿੱਚੋਂ ਫੜੇ ਗਏ ਹਨ। ਜਿਲ੍ਹਾ ਪਠਾਨਕੋਟ ਅੰਦਰ ਪੈਂਦੇ ਭਾਰਤੀ ਏਅਰ ਫੋਰਸ ਦੇ ਕੈਂਪ ਅੰਦਰ ਵੀ ਹੁਣੇ-ਹੁਣੇ ਵਿਦੇਸ਼ੀ ਹਮਲਾਵਰਾਂ/ਅੱਤਵਾਦੀਆਂ ਹਮਲਾ ਕੀਤਾ ਸੀ। ਇਸ ਹਮਲੇ ਲਈ ਵੀ ਪਠਾਨਕੋਟ ਜ਼ਿਲ੍ਹੇ ਨਾਲ ਲੱਗਦੀ ਅੰਤਰਰਾਸ਼ਟਰੀ ਸੀਮਾ ਦਾ ਇਸਤੇਮਾਲ ਹਮਲਾਵਰਾਂ ਕੀਤਾ ਸੀ।ਹਮਲਾਵਰਾਂ/ ਆਤੰਕੀਆਂ ਨੇ ਇੱਥੇ ਆਮ ਸ਼ਹਿਰੀਆਂ/ਨਾਗਰਿਕਾਂ ਨੂੰ ਵੀ ਮਾਰ ਦਿੱਤਾ/ ਉਹਨਾਂ ਦਾ ਕਤਲ ਕਰ ਦਿੱਤਾ ਅਤੇ ਕਈਆਂ ਨੂੰ ਜ਼ਖਮੀ ਵੀ ਕੀਤਾ। ਇਸੇ ਤਰਾਂ ਹਮਲਾਵਰਾਂ/ ਵਿਦੇਸ਼ੀ ਆਤੰਕੀਆਂ ਪਠਾਨਕੋਟ ਏਅਰ ਫੋਰਸ ਕੈਂਪ ਅੰਦਰ ਹਮਲਾ ਕਰਕੇ ਭਾਰੀ ਗੋਲਾ-ਬਰੂਦ ਦੀ ਵਰਤੋਂ ਕੀਤੀ। ਉਹਨਾਂ ਨੇ ਅਤਿ ਆਧੁਨਿਕ ਹਥਿਆਰਾਂ ਦੀ ਵਰਤੋਂ ਕਰਦੇ ਭਾਰਤੀ ਸੁਰੱਖਿਆ ਬਲਾਂ ਦੇ ਕਈ ਜਵਾਨ/ਅਧਿਕਾਰੀਆਂ ਨੂੰ ਸ਼ਹਿਦ ਕਰ ਦਿੱਤਾ ਸੀ। ਹਮਲਾਵਰਾਂ ਘਾਤ ਲਗਾ ਕਿ ਹਮਲਾ ਕੀਤਾ ਸੀ ਅਤੇ ਨਿਹੱਥੇ ਸੈਨਿਕਾਂ ਤੇ ਹਮਲਾ ਕੀਤਾ ਸੀ। ਇਸ ਹਮਲੇ ਦੌਰਾਨ ਆਤੰਕੀਆਂ ਦਾ ਸਫ-ਾਇਆ ਕਰਨ ਵਿੱਚ ਲੱਗੇ ਸੁਰੱਖਿਆ ਬਲਾਂ ਦੇ ਕਈ ਜਵਾਨ/ਅਧਿਕਾਰੀ ਵੀ ਮੁਕਾਬਲਾ ਕਰਦੇ ਸ਼ਹੀਦ ਹੋ ਗਏ ਸਨ। ਹਮਲਾਵਰ ਧਰਮ ਦੀ ਆੜ ਲੈ ਕਿ ਪੁਰਾਤਨ ਸਮੇਂ ਤੋਂ ਜਿਲ੍ਹਾ ਪਠਾਨਕੋਟ/ਪੰਜਾਬ ਉੱਤੇ ਹਮਲਾ ਕਰਦੇ ਆ ਰਹੇ ਹਨ। ਹਾਲ ਵਿੱਚ ਪਠਾਨਕੋਟ ਏਅਰ ਫੋਰਸ ਕੈਂਪ ਤੇ ਹੋਇਆ ਹਮਲਾ ਵੀ ਧਾਰਮਿਕ ਕੱਟੜਤਾ/ਜੇਹਾਦ ਤੋਂ ਪ੍ਰੇਰਿਤ ਸੀ।

ਇਸ ਹਮਲੇ ਦੇ ਹਮਲਾਵਰਾਂ ਦੀ ਗਿਣਤੀ ਛੇ ਦੱਸੀ ਜਾਂਦੀ ਹੈ। ਜਿਲ੍ਹਾ ਪਠਾਨਕੋਟ ਦੇ ਨਾਲ ਲੱਗਦੀ ਅੰਤਰਰਾਸ਼ਟਰੀ ਸੀਮਾ ਤੋਂ ਕਈ ਵਾਰ ਘੁਸਪੈਠ ਦੀਆਂ ਕੋਸਿਸਾਂ ਸੁਰੱਖਿਆ ਬਲਾਂ ਨੇ ਨਾਕਾਮ ਕੀਤੀਆਂ ਹਨ। ਜਿਲ੍ਹਾ ਪਠਾਨਕੋਟ ਦੀ ਆਖਰੀ ਹੱਦ ਇੱਕ ਪਾਸੇ ਪਾਕਿਸਤਾਨ ਨਾਲ ਲੱਗਦੀ ਹੈ। ਦੂਜੇ ਪਾਸੇ ਤੋਂ ਜੰਮੂ-ਕਸ਼ਮੀਰ ਨਾਲ ਲੱਗਦੀ ਹੈ। ਤੀਜੇ ਪਾਸੇ ਤੋਂ ਜਿਲ੍ਹਾ ਗੁਰਦਾਸਪੁਰ ਨਾਲ ਲੱਗਦੀ ਅਤੇ ਇਹ ਇਲਾਕਾ ਵੀ ਪਾਕਿਸਤਾਨ ਦੀ ਸੀਮਾ ਨਾਲ ਲੱਗਦਾ ਹੈ। ਚੌਥੇ ਪਾਸੇ ਤੋਂ ਪਠਾਨਕੋਟ ਜ਼ਿਲ੍ਹੇ ਦੀ ਸੀਮਾ ਹਿਮਾਚਲ ਪ੍ਰਦੇਸ਼ ਨਾਲ ਲੱਗਦੀ ਹੈ। ਪੰਜਵੇਂ ਪਾਸੇ ਤੋਂ ਪਠਾਨਕੋਟ ਜ਼ਿਲ੍ਹੇ ਦੀ ਹੱਦ ਜਿਲ੍ਹਾ ਹੁਸ਼ਿਆਰਪੁਰ ਨਾਲ ਵੀ ਜਾ ਲੱਗਦੀ ਹੈ। ਪਠਾਨਕੋਟ ਜੰਮੂ-ਕਸ਼ਮੀਰ ਦੀ ਹੱਦ ਵੀ ਕਾਫ਼ੀ ਸੰਵੇਦਨਸ਼ੀਲ ਹੈ। ਇਸੇ ਤਰਾਂ ਹੋਰ ਹੱਦਾਂ ਵੀ ਸੰਵੇਦਨਸ਼ੀਲ ਮੰਨੀਆਂ ਜਾਂਦੀਆਂ ਹਨ। ਪਠਾਨਕੋਟ ਦੇ ਨਾਲ ਲੱਗਦੀ ਰਾਵੀ ਨਦੀ ਅਤੇ ਉੱਚੀਆਂ ਪਹ-ਾੜੀਆਂ ਵੀ ਆਤੰਕੀਆਂ ਲਈ ਮਦਦਗਾਰ ਸਿੱਧ ਹੁੰਦੀਆਂ ਹਨ। ਇਹਨਾਂ ਨਦੀਆਂ ਪਹਾੜਾਂ ਉੱਤੇ ਵੀ ਚੌਕਸੀ ਵਧਾਉਣ ਦੀ ਜਰੂਰਤ ਹੈ। ਪਠਾਨਕੋਟ ਜ਼ਿਲ੍ਹੇ ਦੇ ਸਾਰੇ ਮੁੱਖ ਨਾਕੇ ਅਤੇ ਲਿੰਕ ਸੜਕਾਂ ਦੇ ਆਖਰੀ ਨਾਕੇ ਵੀ ਸੰਵੇਦਨਸ਼ੀਲ ਹਨ ਅਤੇ ਇਹਨਾਂ ਉੱਤੇ ਚੌਕਸੀ ਰੱਖਣ ਦੀ ਲੋੜ ਹੈ। ਪਠਾਨਕੋਟ ਭਾਰਤੀ ਫੌਜ ਦਾ ਮੁੱਖ ਸੈਨਿਕ ਅੱਡਾ/ਛਾਉਣੀ ਹੈ। ਇਸ ਇਲਾਕੇ ਦੀ ਟੋਹ/ਛੂਹ ਲੈਣ ਲਈ ਵਿਦੇਸ਼ੀ ਹਮੇਸ਼ਾ ਪੂਰੀ ਕੋਸ਼ਿਸ ਕਰਦੇ ਹਨ। ਪਠਾਨਕੋਟ ਸੈਨਿਕ ਅੱਡੇ/ਸਾਉਣੀ ਨਾਲ ਹਿਮਾਚਲ ਜੰਮੂ-ਕਸ਼ਮੀਰ ਦੀ ਹਿਫ਼ਾਜ਼ਤ ਵੀ ਜੁੜੀ ਹੋਈ ਹੈ। ਪਠਾਨਕੋਟ ਸੈਨਿਕ ਅੱਡਾ ਹਮੇਸ਼ਾ ਵਿਦੇਸ਼ੀਆਂ ਦੀਆਂ ਅੱਖਾਂ ਵਿੱਚ ਰੜਕਦਾ ਰਿਹਾ ਹੈ। ਅੱਜ ਵੀ ਵਿਦੇਸ਼ੀਆਂ ਦੀਆਂ ਆਤੰਕੀ ਗਤੀਵਿਧੀਆਂ ਦੇ ਸਿਗਨਲ ਪਠਾਨਕੋਟ ਤੋਂ ਫੜੇ ਜਾ ਰਹੇ ਹਨ। ਜਿਲ੍ਹਾ ਪਠਾਨਕੋਟ ਹਰ ਪਹਿਲੂ ਤੋਂ ਸੰਵੇਦਨਸੀਲ ਹੋਣ ਕਰਕੇ ਇਸ ਨੂੰ ਸਖ਼ਤ ਫੌਜੀ ਡਿਫੈਂਸ ਦੀ ਜਰੂਰਤ ਹੈ। ਪਠਾਨਕੋਟ ਜ਼ਿਲ੍ਹੇ ਦੇ ਹਰ ਨਾਗਰਿਕ ਦਾ ਫਰਜ਼ ਹੈ ਕਿ ਉਹ ਆਪਣੇ ਜ਼ਿਲ੍ਹੇ ਦੀ ਹਿਫ਼ਾਜ਼ਤ ਲਈ ਪੂਰਾ ਬਣਦਾ ਯੋਗਦਾਨ ਪਾਵੇ। ਜਿਲ੍ਹਾ ਪਠਾਨਕੋਟ ਅੰਦਰ ਵੱਧ ਤੋਂ ਚੌਕਸੀ ਦੀ ਜਰੂਰਤ ਹੈ। ਪਠਾਨਕੋਟ ਨਾਲ ਲੱਗਦੀ ਅੰਤਰਰਾਸ਼ਟਰੀ ਸੀਮਾ, ਹਿਮਾਚਲ ਦੀ ਸੀਮਾ, ਜਿਲ੍ਹਾ ਹੁਸ਼ਿਆਰਪੁਰ ਦੀ ਸੀਮਾ, ਜੰਮੂ-ਕਸ਼ਮੀਰ ਦੀ ਸੀਮਾ ਅਤੇ ਗੁਰਦਾਸਪੁਰ ਦੀ ਸੀਮਾ ਉੱਤੇ ਵੀ ਚੌਕਸੀ ਰੱਖਣ ਦੀ ਲੋੜ ਹੈ। ਪਠਾਨਕੋਟ ਦੀਆਂ ਪਹਾੜੀਆਂ, ਨਦੀਆਂ, ਨਾਲਿਆਂ ਉੱਤੇ ਵੀ ਚੌਕਸੀ ਰੱਖਣ ਦੀ ਲੋੜ ਹੈ; ਪਠਾਨਕੋਟ ਸ਼ਹਿਰ ਅੰਦਰ ਵੀ ਹਰ ਤਰਾਂ ਦੇ ਬਾਹਰੀ ਵਿਅਕਤੀ ਉੱਤੇ ਸਖ਼ਤ ਨਿਗ੍ਹਾ ਰੱਖਣ ਦੀ ਲੋੜ ਹੈ। ਜਿਲ੍ਹਾ ਪਠਾਨਕੋਟ ਦੇ ਹਰ ਸ਼ਹਿਰੀ ਦਾ ਫਰਜ਼ ਹੈ ਕਿ ਉਹ ਕਿਸੇ ਨੂੰ ਵੀ ਕਿਰਾਏ ਉੱਤੇ ਕਮਰਾ ਦੇਣ ਤੋਂ ਪਹਿਲਾ ਉਸ ਵਿਅਕਤੀ ਦੀ ਪੂਰੀ ਸ਼ਨਾਖ਼ਤ ਕਰ ਲੈਣ। ਪਠਾਨਕੋਟ ਜ਼ਿਲ੍ਹੇ ਅੰਦਰ ਅਤੇ ਸ਼ਹਿਰ ਅੰਦਰ ਹਰ ਸ਼ਹਿਰੀ ਨੂੰ ਚੁਕੰਨੇ ਰਹਿਣ ਦੀ ਲੋੜ ਹੈ। ਸੁਰੱਖਿਅਤ ਰਹਿਣ ਲਈ ਹਰ ਸ਼ਹਿਰੀ ਦਾ ਚੌਕਸ ਹੋਣਾ ਸਭ ਤੋਂ ਵੱਡਾ ਹਥਿਆਰ ਹੈ। ਚੀਨ ਪਾਕਿਸਤਾਨ ਅਤੇ ਹੋਰ ਆਤੰਕੀ ਜਥੇਬੰਦੀਆਂ ਦੀਆਂ ਭਾਰਤ ਖ਼ਿਲਾਫ਼ ਹੋਣ ਵਾਲੀਆਂ ਗਤੀਵਿਧੀਆਂ ਦੇ ਚਲਦੇ ਪਠਾਨਕੋਟ ਜ਼ਿਲ੍ਹੇ ਨੂੰ ਚੌਕਸ ਰੱਖਣ ਦੀ ਜਰੂਰਤ ਹੈ। ਇਹ ਸ਼ਹਿਰ ਫੌਜੀ ਲਿਹਾਜ਼ ਨਾਲ ਚੀਨ ਅਤੇ ਪਾਕਿਸਤਾਨ ਸੀਮਾ ਤੇ ਡਿਫੈਂਸ ਲੈਣ ਦਾ ਮੁੱਖ ਕੇਂਦਰ ਹੈ। ਯੁੱਧ ਦੀ ਸਥਿਤੀ ਵਿੱਚ ਪਾਕਿਸਤਾਨ ਅਤੇ ਚੀਨ ਲਈ ਪਠਾਨਕੋਟ ਕੈਂਟ ਇੱਕ ਵੱਡਾ ਖਤਰਾ ਵੀ ਹੈ। ਇਹੀ ਕਾਰਣ ਹੈ ਕਿ ਵਿਦੇਸ਼ੀ ਪਠਾਨਕੋਟ ਨੂੰ ਹਮੇਸ਼ਾ ਨਿਸ਼ਾਨਾ ਬਣਾਉਣ ਦੀ ਫਿਰਾਕ ਵਿੱਚ ਰਹਿੰਦੇ ਹਨ। ਕਿਸੇ ਵੀ ਤਰਾਂ ਦਾ ਸ਼ੱਕ ਹੋਣ ਉੱਤੇ ਪ੍ਰਸ਼ਾਸਨ ਨੂੰ ਸਹਿਯੋਗ ਕਰਨ ਅਤੇ ਪ੍ਰਸ਼ਾਸਨ ਦਾ ਵੀ ਫਰਜ਼ ਹੈ ਕਿ ਉਹ ਆਮ ਸ਼ਹਿਰੀਆਂ ਦਾ ਸਹੀ ਸਹਿਯੋਗ ਪ੍ਰਾਪਤ ਕਰਨ। ਜਿਲ੍ਹਾ ਪਠਾਨਕੋਟ ਅੰਦਰ ਫੌਜ, ਅਰਧ ਸੈਨਿਕ ਬਲਾਂ, ਪੁਲਿਸ ਦੀ ਨਫ਼ਰੀ ਵੀ ਵਧਾਉਣ ਦੀ ਜਰੂਰਤ ਹੈ ਤਾਂ ਜੋ ਵਿਦੇਸ਼ੀ ਕਿਸੇ ਵੀ ਸਾਜ਼ਿਸ਼ ਵਿੱਚ ਕਾਮਯਾਬ ਨਾ ਹੋ ਸਕਣ।

ਇਸੇ ਤਰਾਂ ਵੱਖ-ਵੱਖ ਖ਼ੁਫ਼ੀਆ ਏਜੰਸੀਆਂ/ ਸਰਕਾਰੀ ਗੁਪਤਚਰਾਂ ਨੂੰ ਵੀ ਚੌਕਸ ਰਹਿਣ ਦੀ ਜਰੂਰਤ ਹੈ। ਪਠਾਨਕੋਟ ਜ਼ਿਲ੍ਹੇ ਦਾ ਸੁਰੱਖਿਆ ਚੱਕਰ ਤੋੜਨ ਲਈ ਵਿਦੇਸ਼ੀ ਹਮਲਾਵਰ/ਆਤੰਕੀ ਆਉਣ ਵਾਲੇ ਦਿਨਾਂ ਵਿੱਚ ਕਿਸੇ ਵੀ ਰਣਨੀਤੀ ਦਾ ਇਸਤੇਮਾਲ ਕਰ ਸਕਦੇ ਹਨ। ਇਸ ਲਈ ਹਰ ਇੱਕ ਵਿਅਕਤੀ ਨੂੰ ਚੌਕਸ ਰਹਿਣ ਦੀ ਲੋੜ ਹੈ। ਜਿਲ੍ਹਾ ਪਠਾਨਕੋਟ ਨਾਲ ਲੱਗਦੀ ਅੰਤਰਰਾਸ਼ਟਰੀ ਸੀਮਾ ਉੱਤੇ ਵਿਸ਼ੇਸ਼ ਸੁਰੱਖਿਆ ਅਤੇ ਖ਼ੁਫ਼ੀਆ ਪ੍ਰਬੰਧ ਕਰਨ ਦੀ ਲੋੜ ਹੈ। ਅੰਤਰਰਾਸ਼ਟਰੀ ਸੀਮਾ ਭਾਰਤ ਦੀ ਕੋਈ ਵੀ ਹੋਵੇ ਉਸ ਨੂੰ ਮੌਜੂਦਾ ਸਮੇਂ ਵਿਸ਼ੇਸ਼ ਡਿਫੈਂਸ ਦੀ ਜਰੂਰਤ ਹੈ ਅਤੇ ਵਿਸ਼ੇਸ਼ ਖ਼ੁਫ਼ੀਆ ਪ੍ਰਬੰਧ ਦੀ ਲੋੜ ਹੈ ਤਾਂ ਜੋ ਵਿਦੇਸ਼ੀ ਹਮਲਾਵਰਾਂ/ ਆਤੰਕੀਆਂ ਅਤੇ ਗੈਰ ਸਮਾਜਿਕ ਅਨਸਰਾਂ ਉੱਤੇ ਪੈਣੀ ਨਜ਼ਰ ਰੱਖੀ ਜਾ ਸਕੇ। ਆਉਣ ਵਾਲੇ ਸਮੇਂ ਵਿੱਚ ਜਿਲ੍ਹਾ ਪਠਾਨਕੋਟ ਨੂੰ ਸਖ਼ਤ ਫੌਜੀ ਡਿਫੈਂਸ, ਸਖ਼ਤ ਪੁਲਸ ਡਿਫੈਂਸ, ਸਖ਼ਤ ਖ਼ੁਫ਼ੀਆ ਪ੍ਰਬੰਧ ਦੀ ਲੋੜ ਹੈ। ਇੱਕ ਚੰਗਾ ਡਿਫੈਂਸ ਜਾਲ ਹੀ ਵਿਦੇਸ਼ੀ ਹਮਲਾਵਰਾਂ ਦੇ ਦੰਦ ਖੱਟੇ ਨਹੀਂ ਬਲਕਿ ਭੰਨ ਸਕਦਾ ਹੈ।

## ਸਤਿਗੁਰੂ ਰਵਿਦਾਸ ਜੀ ਦੀ ਬਾਣੀ 'ਚ

# 'ਅਧਿਆਤਮਵਾਦ ਤੇ ਮਾਨਵਵਾਦ ਦਾ ਸੁਮੇਲ'



ਪ੍ਰੋ: ਐਚ.ਐਲ.ਕਪੂਰ

ਸਵਾਮੀ ਰਾਮਾ ਨੰਦ ਜੀ ਅਚਾਰੀਆ, 'ਰਾਮਾਨੁਜ ਪੱਧਤੀ' ਦੇ ਚੌਦਵੇਂ ਅਚਾਰੀਆਂ ਸਨ। ਉਹਨਾਂ ਨੇ ਰਾਮਾਨੁਜ ਜੀ ਦੀ 'ਰਾਧਾ ਕ੍ਰਿਸ਼ਨ' ਭਗਤੀ ਦੇ ਉਲਟ 'ਰਾਮ ਭਗਤੀ' 'ਤੇ ਜ਼ੋਰ ਦਿੱਤਾ। ਉਹ ਉੱਤਰੀ ਭਾਰਤ ਵਿਚ 'ਰਾਮ ਭਗਤੀ ਸ਼ਾਖਾ' ਨੂੰ ਬੜੇ ਜ਼ੋਰ-ਸ਼ੋਰ ਨਾਲ ਪ੍ਰਚੱਲਿਤ ਕਰਨ ਵਾਲੇ ਮੁਢਲੇ ਆਚਾਰੀਆ ਮੰਨੇ ਜਾਂਦੇ ਹਨ। ਰਾਮਾ ਨੰਦ ਜੀ ਨੇ ਆਪਣੀ ਪੁਰਾਣੀ 'ਸੰਪ੍ਰਦਾਇ-ਰਾਮਾਨਜੀ' ਕ੍ਰਿਸ਼ਨ ਭਗਤੀ ਤੋਂ ਵੱਖਰੀ 'ਰਾਮ ਭਗਤੀ ਸ਼ਾਖਾ' ਖੜ੍ਹੀ ਕੀਤੀ ਅਤੇ ਜਾਤ-ਪਾਤ ਦਾ ਬੰਧਨ ਤੋੜ ਕੇ ਭਗਤੀ ਨਹੀਂ ਕਥਿਤ ਸ਼ੂਦਰਾਂ ਅਤੇ ਅਛੂਤਾਂ ਨੂੰ ਸ਼ਾਮਲ ਕਰਕੇ, ਉਦਾਰਵਾਦੀ ਹੋਣ ਦਾ ਕਰਮ ਕੀਤਾ।

ਇਸ ਤਰ੍ਹਾਂ 'ਕ੍ਰਿਸ਼ਨ ਭਗਤੀ' ਜੋ ਭਗਤੀ ਮੱਤ ਦੀ ਪਹਿਲੀ ਪ੍ਰਚੱਲਿਤ ਪ੍ਰਣਾਲੀ ਸੀ, ਦੀ ਲੀਹ ਤੋੜਨ ਵਾਲੇ ਹੋਣ ਕਾਰਨ, ਰਾਮਾ ਨੰਦ ਜੀ ਆਪਣਾ ਵਿਸ਼ੇਸ਼ ਸਥਾਨ ਰੱਖਦੇ ਹਨ। ਇਸ ਤਰ੍ਹਾਂ ਰਾਮਾਨੰਦ ਜੀ ਉੱਤਰੀ ਭਾਰਤ ਵਿਚ 'ਭਗਤੀ ਮੰਡਲੀ' ਦੀ ਪ੍ਰਥਮ ਸ਼ਖਸੀਅਤ ਸਨ। ਪਹਿਲਾਂ ਇਹ ਸਰਗੁਣਵਾਦੀ ਸਨ ਤੇ ਬਾਅਦ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਮੇਲ ਹੋਣ ਉਪਰੰਤ, ਪ੍ਰਭਾਵਿਤ ਹੋ ਕੇ, ਨਿਰਗੁਣਵਾਦੀ ਬਣ ਗਏ ਜੋ ਅੰਤ ਵਿਚ ਇਹ ਗੁਰਮੱਤ ਦੇ ਧਾਰਨੀ ਬਣ ਕੇ ਪ੍ਰਵਾਨ ਚੜ੍ਹੇ। ਇਹਨਾਂ ਦੀ ਬਾਣੀ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਹੈ।

'ਭਗਤੀ ਲਹਿਰ' ਦੇ 15 'ਭਗਤ ਗੁਰੂਆਂ' ਦੀ ਬਾਣੀ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਹੈ। ਸਤਿਗੁਰ ਰਵਿਦਾਸ ਜੀ ਦੀ ਬਾਣੀ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ 16 ਰਾਗਾਂ ਵਿਚ ਦਰਜ ਹੈ। ਕੁੱਲ ਬਾਣੀ ਇਕ ਸ਼ਲੋਕ ਸਮੇਤ 41 ਪਦੇ ਹਨ। ਪਦਿਆਂ ਵਿਚ ਵੱਖ-ਵੱਖ ਵਿਸ਼ੇ ਹਨ ਜੋ ਅਧਿਆਤਮਵਾਦ ਤੇ ਮਾਨਵਵਾਦ ਦਾ ਸੁਮੇਲ ਹਨ ਤੇ ਮਾਨਵਤਾ ਨੂੰ ਇਕ ਚੰਗਾ ਮਾਨਵ ਬਣਨ ਤੇ ਪ੍ਰਭੂ ਭਗਤੀ ਦੀ ਪ੍ਰੇਰਨਾ ਦਿੰਦੇ ਹਨ।

ਸਭ ਤੋਂ ਵਿਲੱਖਣ ਚੀਜ਼ ਇਹ ਹੈ ਕਿ ਸਤਿਗੁਰੂ ਰਵਿਦਾਸ ਜੀ ਨੇ ਬੜੀ ਨਿਸੰਗਤਾ ਨਾਲ ਆਪਣੀ ਜਾਤੀ ਅਤੇ ਆਪਣੇ ਕਿੱਤੇ ਨੂੰ ਨਿਰਸੰਕੋਚ ਸ਼ਬਦਾਂ ਵਿਚ ਬਿਆਨ ਕੀਤਾ ਹੈ। ਜਿਸ ਜਾਤੀ ਅਤੇ ਬੰਦੇ ਨੂੰ ਬਹੁਤ ਘਟੀਆ, ਨੀਚ ਅਤੇ ਭ੍ਰਿਸ਼ਟ ਮੰਨਿਆ ਜਾਂਦਾ ਸੀ, ਉਸ ਬਾਰੇ ਉਹ ਇਸ ਤਰ੍ਹਾਂ ਬਿਆਨ ਕਰਦੇ ਹਨ, ''ਨਾਗਰ ਜਨਾਂ ਮੇਰੀ ਜਾਤਿ ਬਿਖਿਅਤ ਚੰਮਾਰੰ।। ਕਹਿ ਰਵਿਦਾਸ ਖਲਾਸ ਚਮਾਰਾ, ਲੋਕ ਗਠਾਵੇ ਪਨਹੀਂ।''

ਰਵਿਦਾਸ ਜੀ ਨੇ ਪ੍ਰਭੂ ਦੇ ਨਾਮ ਦੀ ਪ੍ਰਾਪਤੀ ਤੇ ਉਸ ਰਾਹੀਂ, 'ਨਿਰੰਜਨ ਪਾਉਣ' ਦੇ ਅਹਿਸਾਸ ਵਰਣਨ ਕੀਤੇ ਹਨ। ਪ੍ਰੇਮ ਭਗਤੀ ਦੇ ਰਾਹ ਚੱਲ ਕੇ, 'ਮਿਲ ਸਾਧ ਸੰਗਤ ਪਾਈ ਪਰਮ ਗਤੇ।' ਗੁਰੂ ਪ੍ਰਸਾਦਿ ਨਿਰੰਜਨ ਪਾਵਉ' ਦੇ ਸੰਕੇਤਾਂ ਰਾਹੀਂ ਦਰਸਾਇਆ ਹੈ ਕਿ ਮੈਂ ਇਹ ਉੱਚ ਪਦਵੀ ਕਿਵੇਂ ਪ੍ਰਾਪਤ ਕੀਤੀ ਹੈ।

ਸਤਿਗੁਰੂ ਰਵਿਦਾਸ ਜੀ ਦੀ ਬਾਣੀ ਵਿਚ ਆਏ ਦੋ-ਵਿਚਾਰ ਅਧਿਆਤਮਕ ਪੱਖੋਂ ਬਹੁਤ ਮਹੱਤਤਾ ਰੱਖਦੇ ਹਨ। ਪਹਿਲਾ ਹੈ, ਆਤਮ ਗਿਆਨ ਦਾ ਪ੍ਰਗਾਸ, ਦੂਜਾ ਹੈ ਪ੍ਰੇਮਾ ਭਗਤੀ ਦੇ ਨਾਲ ਮਾਨਵਵਾਦ ਦਾ। ਗਿਆਨ ਦਾ ਪ੍ਰਕਾਸ਼ ਹੋ ਜਾਣ ਦੇ ਵੀ ਦੋ ਅਨੁਭਵ ਦੱਸੇ ਹਨ। ਇਕ ਗਿਆਨ ਦੀ ਉਪਜ ਦਾ, ''ਉਪਜਿਓ ਗਿਆਨ ਹੂਆ ਪ੍ਰਗਾਸ।।'' ਦੂਸਰਾ ਹੈ ਗਿਆਨ ਦੇ ਹੋ ਜਾਣ ਕਾਰਨ 'ਕਰਮਾਂ ਦੇ ਨਾਸ਼' ਹੋ ਜਾਣ ਦਾ 'ਗਿਆਨ ਭਇਆ ਤਹ ਕਰਮਹ ਨਾਸੁ'।

ਗਿਆਨ ਪ੍ਰਾਪਤੀ ਦਾ ਸਾਧਨ ਉਨ੍ਹਾਂ ਸਾਧੂ-ਸੰਤਾਂ ਦੀ ਸੰਗਤ ਦੱਸਿਆ ਹੈ। 'ਸਾਧੂ ਕੀ ਮਨ ਲੇਹ ਓਟ'।। ਇਸ ਤੋਂ ਅੱਗੇ ਚੱਲ ਕੇ ਨਿਰੰਜਨ ਪ੍ਰਾਪਤੀ ਦਾ ਸਾਧਨ, ਗੁਰੂ ਪਾਰਬ੍ਰਹਮ ਦੀ ਕਿਰਪਾ ਨੂੰ ਮੰਨਿਆ ਹੈ। 'ਗੁਰੁ ਪ੍ਰਸਾਦਿ ਨਿਰੰਜਨ ਪਾਵਉ' ਪ੍ਰੇਮ ਭਾਵਨਾ ਹੀ ਨਿਰੰਜਨ ਪ੍ਰਾਪਤੀ ਦਾ ਸਾਧਨ ਹੈ, ਜੋ ਸੰਤਾਂ-ਸਾਧੂਆਂ ਦੀ ਸੰਗਤ ਤੇ ਗੁਰੂ ਕ੍ਰਿਪਾ ਤੋਂ ਪ੍ਰਾਪਤ ਹੁੰਦੀ ਹੈ।

'ਸਾਧ ਸੰਗਤਿ ਬਿਨਾ ਭਾਉ ਨਹੀਂ ਉਪਜੈ, ਭਾਵ ਬਿਨੁ ਭਗਤਿ ਨਹੀਂ ਹੋਈ ਤੇਰੀ।।'

ਪ੍ਰੇਮ ਭਾਵਨਾ ਦੀ ਭਾਵੇਂ ਕੋਈ ਸ਼ਕਲ ਜਾਂ ਸਰੂਪ ਨਹੀਂ ਹੈ, ਪਰ ਉਸ ਦੀ ਪਕੜ ਦੁਨਿਆਵੀ ਵਸਤਾਂ ਨਾਲੋਂ ਵੀ ਕਿਤੇ ਜ਼ਿਆਦਾ ਮਜ਼ਬੂਤ ਹੈ। ਪ੍ਰੇਮ ਦੀ ਸੰਗਲੀ ਕਦੀ ਟੁੱਟ ਨਹੀਂ ਸਕਦੀ। ਜੋ ਜਗਿਆਸੂ ਪ੍ਰੇਮ ਬੰਧਨ ਵਿਚ ਬੱਝਿਆ ਹੁੰਦਾ ਹੈ, ਤਾਂ ਉਸ ਅਰੂਪ ਪ੍ਰੀਤਮ ਦੀ ਕੋਈ ਸ਼ਕਲ ਨਹੀਂ ਹੁੰਦੀ, ਉਹ ਵੀ ਪ੍ਰੇਮ ਬੰਧਨਾਂ ਤੋਂ ਬਚਿਆ ਨਹੀਂ ਰਹਿ ਸਕਦਾ। ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਪ੍ਰੇਮਾ ਭਗਤੀ ਨੂੰ ਮੁੱਖ ਪਹਿਲ ਦਿੱਤੀ ਹੈ। ਤੀਰਥਾਂ 'ਤੇ ਜਾਣ ਤੇ ਉਥੇ ਜਾ ਕੇ ਕਰਮ ਕਾਂਡੀ ਕਰਵਾਉਣ ਦੀਆਂ ਵਿਧੀਆਂ ਦੀ ਘੋਰ ਵਿਰੋਧਤਾ ਕੀਤੀ ਹੈ। ਨਿੰਦਕ ਦੀ ਵੀ ਘੋਰ ਵਿਰੋਧਤਾ ਕੀਤੀ ਹੈ ਤੇ ਦੱਸਿਆ ਹੈ ਕਿ ਨਿੰਦਕ ਦੀ ਸਮਾਜ ਵਿਚ ਕਿਤੇ ਵੀ ਕੋਈ ਥਾਂ ਨਹੀਂ ਹੈ:-

'ਕਹੁ ਰਵਿਦਾਸ ਪਾਪੀ ਨਰਕਿ ਸਿਧਾਇਆ।।'

ਸਤਿਗੁਰੂ ਰਵਿਦਾਸ ਜੀ ਕਹਿੰਦੇ ਹਨ ਕਿ ਜਿਸ ਤਰ੍ਹਾਂ ਨਾ ਛੋਹਿਆ ਜਾਣ ਵਾਲਾ ਭ੍ਰਿਸ਼ਟ ਪਾਣੀ, ਸੁਰਸਰੀ ਵਿਚ ਮਿਲ ਕੇ ਪਵਿੱਤਰ ਹੋ ਜਾਂਦਾ ਹੈ, ਜਿਸ ਤਰ੍ਹਾਂ ਉਹ ਕਾਗਜ਼, ਜਿਸ ਉੱਤੇ ਪ੍ਰਭੂ ਭਗਤੀ ਲਿਖੀ ਹੁੰਦੀ ਹੈ, ਉਹ ਪੂਜਣਯੋਗ ਬਣ ਜਾਂਦਾ ਹੈ, ਜਿਸ ਮਾਨਵ ਦੇ ਹਿਰਦੇ ਵਿਚ ਪ੍ਰਭੂ ਵਾਸ ਕਰਦਾ ਹੈ, ਉਹ ਮਾਨਵ ਵੀ ਪੂਜਣਯੋਗ ਬਣ ਜਾਂਦਾ ਹੈ। 'ਹਰਿ ਜਪਤ ਤੇਊ ਜਨਾਂ ਕਬੀਰ, ਬਾਲਮੀਕ ਪੂਜਣਯੋਗ ਮੰਨੇ ਜਾਂਦੇ ਹਨ। ਪ੍ਰਭੂ ਦੇ ਨਾਮ ਦੇ ਕਾਰਨ ਹੀ, 'ਕਬੀਰ ਜੀ ਉਜਾਗਰ ਹੋਏ ਅਤੇ 'ਸਧਨਾ, ਸੈਣ ਤਰੇ!'

ਸਤਿਗੁਰੂ ਰਵਿਦਾਸ ਜੀ ਦੀ ਬਾਣੀ ਵਿਚ ਪੌਰਾਣਿਕ ਪੰਥੀ ਭਗਤਾਂ ਦਾ ਵੀ ਵਰਣਨ ਹੈ। ਗੌਤਮ ਨਾਰ ਦੀ ਜੀਵਨੀ ਵੱਲ ਵੀ ਇਸ਼ਾਰਾ ਹੈ। ਇਨਸਾਨ ਦੀ ਮਾਇਆ ਪ੍ਰਾਪਤੀ ਵੱਲ ਵਧੀ ਰੁਚੀ, ਸਰੀਰ ਦੀ ਹਉਮੈ ਨੂੰ ਆਪਣੇ ਕਾਬੂ ਵਿਚ ਰੱਖ ਕੇ, ਸਰੀਰਕ ਸ਼ਕਤੀ ਨੂੰ ਸੰਭਾਲ ਕੇ ਵਰਤਣ ਦੀ ਪ੍ਰੇਰਨਾ ਵੀ ਦਿੱਤੀ ਹੈ, 'ਮਾਇਆ ਗਈ ਤਬ ਰੋਵਨੁ ਜਗਤ ਹੈ।' ਆਖਿਰ ਸਰੀਰ ਹੈ ਕੀ? ਇਕ ਪਾਣੀ ਦੀ ਕੱਚੀ ਕੰਧ। 'ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੂੰਦ ਕਾ ਗਾਰਾ।'' ਇਸ ਨਹੀਂ ਹੇ! ਮਾਨੁਸ਼ ਆਪਣੇ ਸਰੀਰ ਦਾ ਗਰਭ ਨਾ ਕਰ ਸਗੋਂ ਇਸ ਸਰੀਰ ਨੂੰ ਮਾਨਵ ਕਲਿਆਣ ਨਹੀਂ ਵਰਤ।

ਸਤਿਗੁਰੂ ਰਵਿਦਾਸ ਜੀ ਦੀ ਬਾਣੀ ਵਿਚ, ਸਭ ਲੋਕਾਈ ਦੇ ਕਲਿਆਣ ਦੀ ਤੜਪ ਹੈ। ਮਾਨਵਤਾ ਦੇ ਕਲਿਆਣ ਲਈ ਡੂੰਘੀ ਇੱਛਾ ਸ਼ਕਤੀ ਹੈ। ਪ੍ਰਮਾਤਮਾ ਨੂੰ ਸਾਖਿਆਤ ਕਰਨ ਲਈ ਵਿਸਮਾਦੀ ਅਨੁਭਵ ਹੈ। ਕਰਮਸ਼ੀਲਤਾ ਦੀ ਸਿੱਖਿਆ ਹੈ। ਸਮਾਜਿਕ ਦੁਸ਼ਵਾਰੀਆਂ ਅਤੇ ਰੁਕਾਵਟਾਂ ਉੱਤੇ ਯਕੀਨਨ ਵਿਜੇ ਪ੍ਰਾਪਤ ਕਰਨ ਦਾ ਸੰਦੇਸ਼ ਹੈ।



ਰਵਿਦਾਸ ਜੀ ਦੀ ਕਲਾਕ੍ਰਿਤ ਵਿਚ ਇਕ ਜਗਿਆਸੂ ਭਗਤ ਲਈ, ਉਨ੍ਹਾਂ ਅਮੋਲਕ ਖਜ਼ਾਨਿਆਂ ਦੀ ਪੂੰਜੀ ਹੈ, ਜਿਹਨਾਂ ਦੀ ਕੀਮਤ ਮਾਨਵਤਾ ਦੇ ਦਰ 'ਤੇ ਕਦੀ ਘਟੇਗੀ ਨਹੀਂ। ਨਿਮਰਤਾ, ਹਲੀਮੀ, ਉਦਾਰਤਾ, ਖਿਮਾ, ਸਹਿਣਸ਼ੀਲਤਾ ਤੇ ਸਾਦਗੀ ਦੇ ਉਹ ਖਿੜੇ ਫੁੱਲ ਹਨ, ਜਿਨ੍ਹਾਂ ਦੀ ਮਹਿਕ ਕਦੇ ਪੁਰਾਣੀ ਨਹੀਂ ਹੋ ਸਕਦੀ। ਰਵਿਦਾਸ ਜੀ ਦੀ ਬਾਣੀ ਵਿਚ ਕਲਾ-ਕੌਸ਼ਲਤਾ, ਭਾਸ਼ਾ ਦੀ ਸੰਜਮਤਾ, ਭਾਵਾਂ ਦੀ ਨਿਰੂਪਣਤਾ ਦੇ ਪ੍ਰਪੱਕ ਉਦਾਹਰਣ ਦੇਖਣੇ ਹੋਣ ਤਾਂ ਨਿਮਨ ਦੋ ਸੱਤਰਾਂ ਹੀ ਕਾਫੀ ਹਨ, ਜਿਹਨਾਂ ਵਿਚ ਇਕੋ ਸਮੇਂ ਕਈ ਖਿਆਲ ਪਰੋ ਦਿੱਤੇ ਹਨ:-

''ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ।।
ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ।।''

ਕੰਨਾਂ ਦਾ ਰਸ ਹਿਰਨ ਨੂੰ, ਮੱਛੀ ਨੂੰ ਜੀਭ ਦਾ ਰਸ, ਪਤੰਗੇ ਨੂੰ ਅੱਖਾਂ ਦਾ, ਹਾਥੀ ਨੂੰ ਕਾਮ ਦਾ, ਸਾਰਿਆਂ ਲਈ ਇਕ-ਇਕ ਵਿਖਾਧੀ ਰਸ, ਜੋ ਵਿਨਾਸ਼ ਦਾ ਕਾਰਨ ਬਣਦਾ ਹੈ, ਜਿਸ ਮਨੁੱਖ ਵਿਚ ਪੰਜ ਵਿਖਾਧੀ ਅਸਾਧ ਰੋਗ ਰਚੇ ਹੋਣ, ਉਸ ਦੇ ਬਚਣ ਦੀ ਕੀ ਆਸ ਹੈ। ਇਸੇ ਖਿਆਲ ਨੂੰ ਹੋਰ ਜਗ੍ਹਾ ਤੇ ਵੀ ਦੁਹਰਾਇਆ ਹੈ। ਇਹ ਪੰਜੋ ਮੈਨੂੰ ਪਲ-ਪਲ ਹਰੀ ਤੋਂ ਦੂਰ ਕਰ ਰਹੇ ਹਨ:-

''ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ।।
ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ।।''

ਸਤਿਗੁਰੂ ਰਵਿਦਾਸ ਜੀ ਦੀ ਬਾਣੀ ਵਿਚ ਬੜੀ ਸਰਲਤਾ ਤੇ ਵਿਚਾਰਾਂ ਦੀ ਬੜੀ ਸਪਸ਼ਟਤਾ ਹੈ। ਉਹ ਬੜੇ ਥੋੜ੍ਹੇ ਲਫਜ਼ਾਂ ਵਿਚ ਆਪਣੇ ਵਿਚਾਰ ਪ੍ਰਗਟਾ ਜਾਂਦੇ ਹਨ। ਕਈ ਥਾਵਾਂ ਤੇ ਕਮਾਲ ਦੇ ਸੰਜਮ ਭਰੇ ਖਿਆਲ ਹਨ। ਥੋੜ੍ਹੇ ਸ਼ਬਦਾਂ ਵਿਚ ਗਿਆਨ, ਵੈਰਾਗ, ਭਗਤੀ ਤੇ ਨਿਮਰਤਾ ਦੇ ਅਥਾਹ ਭੰਡਾਰ ਭਰੇ ਪਏ ਹਨ:-

''ਪੜੀਐ ਗੁਣੀਐ ਨਾਮ ਸਭ ਸੁਨੀਐ ਅਨਭਉ ਭਾਉ ਨ ਦਰਸੈ।।
ਲੋਹਾ ਕੰਚਨ ਹਿਰਨ ਹੋਇ ਕੈਸੇ ਜਉ ਪਾਰਸਹਿ ਨ ਪਰਸੈ।।''

ਪੜ੍ਹਨ ਗੁਣਨ ਨਾਲ ਕੁਝ ਨਹੀਂ ਹੁੰਦਾ, ਜੋ ਪਾਰਸ ਵਾਂਗ ਲੋਹੇ ਤੋਂ ਸੋਨਾ ਬਣਾ ਦੇਣ ਦੀ ਪਰਸਣ ਵਾਲੀ ਛੋਹ ਕਰਦੀ ਹੈ। ਇਸ ਤਰ੍ਹਾਂ ਦੀਆਂ ਹੋਰ ਉਦਾਹਰਣਾਂ ਦੇਖਿਆਂ ਸਤਿਗੁਰੂ ਰਵਿਦਾਸ ਜੀ ਦੀ ਗਿਆਨ ਪ੍ਰਪੱਕਤਾ ਦੀ ਅਵਸਥਾ, ਦੀ ਸ਼ਾਹਦੀ ਦਿੰਦੀ ਹੈ:-

ਗਿਆਨੈ ਕਾਰਨ ਕਰਮ ਅਭਿਆਸੁ।।
ਗਿਆਨ ਭਇਆ ਤਹ ਕਰਮਹ ਨਾਸੁ।।

ਜਿਸ ਸਮੇਂ ਵਿਚ ਸਤਿਗੁਰੂ ਰਵਿਦਾਸ ਜੀ ਦਾ ਜਨਮ ਹੋਇਆ, ਉਸ ਸਮੇਂ ਨੂੰ ਭਾਰਤ ਦੇ ਇਤਿਹਾਸ ਵਿਚ ਮੱਧ-ਯੁੱਗ ਦਾ ਸਮਾਂ ਕਹਿੰਦੇ ਹਨ। ਇਸ ਮੱਧ-ਯੁੱਗ ਵਿਚ ਤੇ ਇਸ ਤੋਂ ਪਹਿਲੋਂ ਵੀ ਭਾਰਤ ਵਿਚ ਛੋਟੀਆਂ ਜਾਤੀਆਂ ਤੇ ਕਥਿਤ ਅਛੂਤ ਜਾਤੀਆਂ ਦੇ ਲੋਕਾਂ ਨੂੰ ਪਸ਼ੂਆਂ ਤੋਂ ਵੀ ਘਟੀਆ ਸਮਝਿਆ ਜਾਂਦਾ ਸੀ। ਇਨ੍ਹਾਂ ਜਾਤੀਆਂ ਵਿਚੋਂ ਕਿਸੇ ਨੂੰ ਸ਼ਾਸਤਰੀ ਗਿਆਨ ਜਾਂ ਸ਼ਾਸਤਰੀ ਗਿਆਨ ਪ੍ਰਾਪਤ ਕਰਨ ਦੀ ਸਜ਼ਾ ਮੌਤ ਦਿੱਤੀ ਜਾਂਦੀ ਸੀ। ਪ੍ਰਭੂ ਭਗਤੀ ਕਰਨੀ ਵੀ ਇਨ੍ਹਾਂ ਵਰਗਾਂ ਲਈ ਵੰਚਿਤ ਸੀ। ਪਤਾ ਲੱਗਣ ਤੇ ਪ੍ਰਭੂ ਭਗਤੀ ਦੀ ਸਜਾ ਸ੍ਰੀ ਰਾਮ ਚੰਦਰ ਜੀ ਵਰਗੇ ਨਿਆਂਸ਼ੀਲ ਅਵਤਾਰ ਦੀ ਉੱਚ ਜਾਤੀਆਂ ਵਾਲੀ ਮਰਿਆਦਾ ਪਾਲਣ ਤੋਂ ਪਿੱਛੇ ਨਹੀਂ ਹਟਦੇ ਸਨ, ਜਿਸ ਦਾ ਪ੍ਰਮਾਣ ਅਛੂਤ (ਸ਼ੰਬੂਕ) ਵੱਧ ਹੈ। ਉਸ ਸਮੇਂ ਦੇਸ਼ ਦੀ ਰਾਜਨੀਤਿਕ, ਸਮਾਜਿਕ, ਆਰਥਿਕ ਤੇ ਧਾਰਮਿਕ ਹਾਲਤ ਬਹੁਤ ਬੁਰੀ ਸੀ। ਇਸ ਬੁਰੀ ਹਾਲਤ ਦਾ ਲੋਕਾਂ 'ਤੇ ਕੋਈ ਚੰਗਾ ਪ੍ਰਭਾਵ ਨਹੀਂ ਸੀ ਸਭਨਾਂ ਕਿਸਮ ਦੀ ਮੰਦੀ ਦਸ਼ਾ ਦੀਆਂ ਜੜ੍ਹਾਂ, ਸਮਾਜਿਕ ਵਰਣ-ਵੰਡ ਦੀ ਜਟਿਲ ਅਵਸਥਾ ਵਿਚ ਸਨ। ਸਭ ਭਾਈਚਾਰਿਆਂ ਵਿਚ ਆਪਸੀ ਸਾਂਝ ਦੀ ਅਣਹੋਂਦ ਸੀ। ਜੇਕਰ ਇਕ ਵਰਗ ਨੂੰ ਕੋਈ ਮੁਸੀਬਤ ਪੈਂਦੀ ਤਾਂ ਦੂਸਰਾ ਵਰਗ ਉਸ ਦੀ ਮਦਦ ਲਈ ਮੈਦਾਨ ਵਿਚ ਨਾ ਆਉਂਦਾ, ਸਗੋਂ ਦੂਰ ਖੜੋ ਕੇ ਉਸ ਦਾ ਤਮਾਸ਼ਾ ਦੇਖਦਾ। ਮਾਨਵਤਾ ਦੀ ਕੋਈ ਸਾਂਝ ਨਹੀਂ ਸੀ। ਅਛੂਤ ਜਾਤੀਆਂ ਦਾ ਕੋਈ ਸਹਾਈ ਨਹੀਂ ਸੀ, ਹਵਾ ਤੱਕ ਦੇ ਛੋਹ ਕੇ ਆਉਂਦੇ ਬੁੱਲ੍ਹੇ ਵੀ ਕੁਲੀਨ ਜਾਤੀਆਂ ਨੂੰ ਭਿੱਟ ਚਾੜ੍ਹ ਜਾਂਦੇ ਸਨ। ਅਛੂਤ ਲੋਕਾਂ ਨੂੰ ਆਪਣੀ ਪਿੱਠ ਨਾਲ ਦਰਖ਼ਤ ਦੇ ਛਾਪੇ ਜਾਂ ਕੋਈ ਅਜਿਹੀ ਚੀਜ਼ ਬੰਨ੍ਹਣੀ ਪੈਂਦੀ ਸੀ ਜੋ ਰਸਤਿਆਂ 'ਤੇ ਚਲਦੇ ਸਮੇਂ ਉਹਨਾਂ ਦੇ ਪੈਰਾਂ ਦੇ ਨਿਸ਼ਾਨ ਮਿਟਾਅ ਦੇਵੇ, ਮਤਾ ਇਹ ਅਛੂਤਾਂ ਦੇ ਪਦ-ਚਿੰਨ੍ਹ, ਕੁਲੀਨ ਸ਼੍ਰੇਣੀਆਂ ਨੂੰ ਭਿੱਟ ਨਾ ਚਾੜ੍ਹ ਦੇਣ। ਵਰਣਾਂ ਦੀਆਂ ਜੜ੍ਹਾਂ ਵੇਦਾਂ ਵਿਚ ਹਨ। ਰਿਗ ਵੇਦ ਦੇ ਪੁਰਸ਼ ਸੂਕਤ ਦੇ ਇਕ ਮੰਤਰ ਦਾ ਭਾਵ ਇਸ ਤਰ੍ਹਾਂ ਹੈ:- ਬ੍ਰਾਹਮਣ ਪ੍ਰਭੂ ਦਾ ਮੂੰਹ ਹੈ, ਕਸ਼ਤਰੀ ਉਸ ਦੀਆਂ ਬਾਹਵਾਂ, ਜੋ ਵੈਸ਼ ਹਨ ਉਹ ਈਸ਼ਵਰ ਦਾ ਪੇਟ ਹਨ ਅਤੇ ਸ਼ੂਦਰ ਈਸ਼ਵਰ ਦੇ ਪੈਰਾਂ 'ਚੋਂ ਪੈਦਾ ਹੁੰਦੇ ਹਨ। ਮਨੂੰ ਸਿਮਰਤੀ ਕਹਿੰਦੀ ਹੈ: ਪ੍ਰਮ-ਾਤਮਾ ਨੇ ਸ਼ੂਦਰਾਂ ਨੂੰ ਕੇਵਲ ਇਕੋ ਕੰਮ ਸੌਂਪਿਆ ਹੈ ਕਿ ਉਹ ਤਿੰਨਾਂ ਵਰਣਾਂ (ਬ੍ਰਾਹਮਣ, ਖੱਤਰੀ ਤੇ ਵੈਸ਼) ਦੀ ਤਨ, ਮਨ ਨਾਲ ਸੇਵਾ ਕਰਨ।

ਸਾਡੇ ਧਾਰਮਿਕ ਗ੍ਰੰਥ, ਧਰਮ ਸ਼ਾਸਤ੍ਰ ਵੀ ਅਛੂਤਾਂ ਨਾਲ ਦੁਰਵਿਹਾਰ ਦਾ ਹੀ ਸੰਦੇਸ਼ ਦਿੰਦੇ ਸਨ ਕਿ ਅਛੂਤ ਭ੍ਰਸ਼ਟ ਤੇ ਨਖਿੱਧ ਹਨ। ਇਨ੍ਹਾਂ ਨੂੰ ਲਤਾੜ ਕੇ ਥਾਂ ਸਿਰ ਰੱਖਣਾ, ਨੀਚ ਸਮਝ ਕੇ ਧਿਰਕਾਰਨ ਦਾ ਅਧਿਕਾਰ, ਸ਼ੁਭ ਕਰਮ ਜਾਣਿਆ ਜਾਂਦਾ ਸੀ। ਇਸ ਮਾਨਤਾ ਨੂੰ ਤੋੜਨਾ ਬਹੁਤ ਹੀ ਅਸੰਭਵ ਜਾਪਦਾ ਸੀ। ਅਜਿਹੇ ਘੋਰ ਅਨਿਆਕਾਰੀ ਸਮਾਜ ਦੀ, ਸੋਚਾਂ ਅਤੇ ਵਿਚਾਰਾਂ ਦੀ ਦੁਨੀਆਂ ਵਿਚ ਪ੍ਰਭੂ ਭਗਤੀ ਕਰਨਾ ਹੀ ਇਕ ਸਮਾਜਿਕ ਇਨਕਲਾਬ ਲਿਆਉਣਾ ਸੀ। ਇਸ ਤਰ੍ਹਾਂ ਪ੍ਰਭੂ ਭਗਤੀ ਦਾ ਅਹਿਸਾਸ ਪੈਦਾ ਕਰਨਾ ਕੋਈ ਸੌਖਾ ਕੰਮ ਨਹੀਂ ਸੀ। ਇਨ੍ਹਾਂ ਜਾਤੀਆਂ ਵਿਚ ਇਕ 'ਧਾਰਮਿਕ ਸਾਧਕ' ਦਾ ਸਭ ਤੋਂ ਲਤਾੜੀ ਤੇ ਪੱਛੜੀ ਜਾਤੀ ਵਿਚੋਂ ਉੱਠ ਕੇ ਸ਼ੋਹਰਤ ਦੀਆਂ ਬੁਲੰਦੀਆਂ ਤੇ ਪਹੁੰਚਣਾ ਕੋਈ ਸਧਾਰਨ ਗੱਲ ਨਹੀਂ ਸੀ। ਫਿਰ ਉਸ ਨੂੰ ਗੁਰੂ ਸਾਹਿਬਾਨ ਦਾ ਨਿਵਾਜਣਾ ਤੇ ਉਨ੍ਹਾਂ ਦੀ ਬਾਣੀ ਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਕਰਨਾ ਇਕ ਮਹਾਨ ਕਾਰਜ ਸੀ। ਇਸ ਤਰ੍ਹਾਂ ਦੇ ਹਾਲਾਤ ਵਿਚ ਸਤਿਗੁਰੂ ਰਵਿਦਾਸ ਜੀ ਦਾ ਭਗਤੀ ਦੇ ਕਾਰਜ ਵਿਚ ਜੁਟ ਜਾਣਾ ਇਕ ਬਹੁਤ ਵੱਡਾ ਕਾਰਜ ਸੀ। ਇਹ ਸਭ ਕੁਝ ਉਨ੍ਹਾਂ ਨੇ ਕਰ ਦਿਖਾਇਆ। ਸਮਾਜਿਕ ਮਾਨਤਾ ਦੇ ਸਾਰੇ ਸਹਿਮਾਂ ਦੀ ਭੂਮੀ ਤੋੜ ਕੇ ਨਵੀਂ ਸਥਾਪਨਾ ਦੇ ਸਿੰਘਾਸਨ ਉੱਤੇ ਸਤਿਗੁਰੂ ਰਵਿਦਾਸ ਜੀ ਦਾ ਬੈਠਣਾ ਇਕ ਦਿਲਚਸਪ ਘਟਨਾ ਹੈ। ਅਛੂਤ ਜਾਤੀ ਦੇ ਇਸ ਪ੍ਰਭੂ ਭਗਤ ਦੇ ਦਰ 'ਤੇ ਉੱਚ ਵਰਗ ਦੇ ਮਹਾਨ ਸਪੂਤ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆ ਵਰਾਜਣਾ, ਇਕ ਚਮਤਕਾਰੀ ਵਰਤਾਰਾ ਹੈ। ਜਿਸ ਮਹਾਨ ਆਤਮਾ ਦੀ ਜਗਤ ਨੂੰ ਛੋਹ ਪਾਰਸ ਵਾਂਗ ਸੋਨਾ ਬਣਾਉਂਦੀ ਸੀ, ਜਿਸ ਰਵਿਦਾਸ ਦੀ ਛੋਹ ਤੋਂ ਭਿੱਟ ਚੜ੍ਹਦੀ ਸੀ, ਜਦੋਂ ਉਸ ਦੀ ਝੁੱਗੀ ਦੇ ਪਾਸ ਆਹਟ ਹੋਈ, ਰਵਿਦਾਸ ਜੀ ਦੇ ਬਾਗ-ਬਾਗ ਹੋ ਗਏ। ਹਿਰਦੇ ਵਿਚੋਂ ਸ਼ੁਕਰਾਨੇ ਦੀ ਭਾਵਨਾ ਜਾਗ ਉੱਠੀ, ਰਵਿਦਾਸ ਜੀ ਦੇ ਮਨ ਦੇ ਭਾਵ ਸ਼ਬਦ ਬਣ ਗਏ। ਸ਼ਬਦਾਂ ਦੀ ਧੁਨੀ ਨੇ ਬਾਣੀ ਦਾ ਰੂਪ ਧਾਰਨ ਕਰ ਲਿਆ-

ਐਸੀ ਲਾਲ ਤੁਝ ਬਿਨੁ ਕਉਨੁ ਕਰੈ।
ਗਰੀਬ ਨਿਵਾਜ ਗੁਸਾਈਆ ਮੇਰਾ ਮਾਥੈ ਛਤ੍ਰ ਧਰੈ।।

ਜਦੋਂ-ਜਦੋਂ ਵੀ ਸਤਿਗੁਰੂ ਰਵਿਦਾਸ ਜੀ ਉਸ ਪਾਰਬ੍ਰਹਮ ਗੁਰੂ ਦੇ ਸ਼ੁਕਰਾਨੇ ਵਿਚ ਆਉਂਦੇ ਸਨ ਤਾਂ ਇਹ ਸ਼ਬਦ ਗਾਉਂਦੇ ਸਨ।

ਸਤਿਗੁਰੂ ਰਵਿਦਾਸ ਜੀ ਦੀ ਪ੍ਰਭੂ ਭਗਤੀ ਤੇ ਜੀਵਨ ਘਾਲਣਾ ਦਾ ਫਲ ਨਿਕਲਿਆ ਤਾਂ ਉਸ ਪਾਰਬ੍ਰਹਮ ਗੁਰੂ ਦੀ ਕਿਰਪਾ ਨਾਲ ਨਿਰੰਜਨ ਦੀ ਪ੍ਰਾਪਤੀ ਹੋਈ। ਉਸ ਪ੍ਰਾਪਤੀ ਦਾ ਪ੍ਰਗਟਾ ਹੋਇਆ, ਗਿਆਨ ਦਾ ਪ੍ਰਗਾਸ ਹੋਇਆ ਤੇ ਆਤਮਾ ਤ੍ਰਿਪਤ ਹੋਈ:-

ਗੁਰ ਪਰਸਾਦਿ ਨਿਰੰਜਨ ਪਾਵਉ।।
ਉਪਜਿਓ ਗਿਆਨ ਹੂਆ ਪਰਗਾਸ।।
ਅਨਲ ਅਗਮ ਜੈਸੇ ਲਹਰਿ ਮਇ ਓਦਧਿ ਜਲ ਕੇਵਲ ਜਲ ਮਾਂਹੀ।।
ਤੋਹੀ ਮੋਹੀ, ਮੋਹੀ ਤੋਹੀ ਅੰਤਰ ਕੈਸਾ। ਕਨਕ ਕਟਿਕ ਜਲ ਤਰੰਗ ਜੈਸਾ।

ਮੇਰੀ ਜਾਤ ਦਾ ਕੰਮ ਮਰੇ ਹੋਏ ਪਸ਼ੂ ਢੋਣਾ ਹੈ ਪਰ ਪ੍ਰਭੂ ਭਗਤੀ ਦੀ ਤਾਕਤ ਨਾਲ ਇਸ ਚਮਾਰ ਦੇ ਤਨ ਨੂੰ ਦੇਖੋ, ਕੁਲੀਨ ਬ੍ਰਾਹਮਣ ਵੀ ਨਮਸਕਾਰ ਕਰਦੇ ਹਨ। ਇਸ ਤਰ੍ਹਾਂ ਰਵਿਦਾਸ ਜੀ ਨੇ ਆਪਣੀ ਜਾਤੀ ਬਾਰੇ ਨੰਗਾ ਸੱਚ ਕਹਿ ਕੇ ਸਾਰੀ ਜਾਤੀ ਨਾਲ ਸਦੀਆਂ ਤੋਂ ਚਿੰਬੜਿਆ ਹੋਇਆ ਪਛੜੇਵਾਂ, ਕੁੰਜ ਵਾਂਗ ਲਾਹ ਕੇ ਪਿੱਛੇ ਸੁੱਟ ਦਿੱਤਾ। ਇਸ ਤਰ੍ਹਾਂ ਚਮਾਰ ਜਾਤੀ 'ਰਵਿਦਾਸੀਆ' ਬਣ ਗਈ। ਸਦੀਆਂ ਦੀ ਹੀਣਤਾ ਦੀ ਭਾਵਨਾ ਇਕ ਹਸਤੀ ਨੇ ਆਪਣੀ ਸਾਧਨਾ ਨਾਲ ਲਾਹ ਸੁੱਟੀ। ਜਾਤੀ ਦੇ ਕਰਤੱਵ ਪ੍ਰਤੀ ਹੀਣ ਭਾਵਨਾ ਪੈਦਾ ਕਰਨ ਵਾਲੇ ਅਨਾਹਦੀ ਵਰਤਾਓ 'ਦਾਰਿਦ ਦੇਖ ਸਭ ਕਉ ਹਸੈ' ਦੇ ਬੋਲਾਂ ਤੇ ਘਿਰਣਾ ਭਰੀਆਂ ਤੱਕਣੀਆਂ ਦੇ ਉਲਟ ਸਤਿਕਾਰ ਪੈਦਾ ਕਰ ਦਿੱਤਾ। 'ਆਚਾਰ ਸਹਿਤ ਬਿਪ ਡੰਡਾਉਤਾਂ' ਕਰਨ ਲੱਗੇ। ਇਹ ਵੱਡਾ ਪਲਟਾ ਦੁਨੀਆਂ ਦੇ ਲੋਕਾਂ ਨੇ, ਜਾਤ ਅਭਿਮਾਨੀ ਪੰਡਿਆਂ ਦੇ ਗੜ੍ਹ, ਵਰਨਾਂ ਆਸ਼ਰਮਾਂ ਤੇ ਕਰਮ ਕਾਂਡਾਂ ਦੀ ਕੰਡਿਆਲੀਆਂ ਵਾੜਾਂ ਵਿਚ, ਵੇੜ੍ਹੇ, ਨਗਰ, ਬਨਾਰਸ ਵਿਚ ਵਰਤੀਂਦਾ ਦੇਖਿਆ, ਦੁਨੀਆਂ ਨੇ ਰਵਿਦਾਸ ਜੀ ਦਾ ਜੱਸ ਕੰਨੀ ਸੁਣਿਆ। ਉਨ੍ਹਾਂ ਦੱਸਿਆ ਕਿ ਪ੍ਰੇਮਾ ਭਗਤੀ ਦਾ ਅੰਮ੍ਰਿਤ ਰਸ ਚੱਖਣ ਦਾ ਹੱਕ ਕਿਸੇ ਵਿਸ਼ੇਸ਼ ਜਾਤੀ ਜਾਂ ਵਰਗ ਦਾ ਨਹੀਂ, ਜਗਿਆਸੂ ਭਾਵੇਂ ਕਿਸੇ ਜਾਤ ਵਿਚੋਂ ਹੋਵੇ, ਉਸ ਅੰਦਰ ਰੂਹਾਨੀ ਚੇਤਨਾ ਜਾਗੀ ਹੋਵੇ, ਸਾਧਨਾ ਕਰਕੇ ਹਰ ਜਾਤੀ ਦਾ ਮਨੁੱਖ ਅਤੇ ਜਾਤੀ, ਉੱਚੇ ਤੋਂ ਉੱਚੇ ਸਨਮਾਨ ਵਾਲੀ ਪਦਵੀ ਉੱਤੇ ਪੁੱਜ ਸਕਦਾ ਹੈ:-

ਜਿਹ ਕੁਲ ਸਾਧ ਬੈਸਨੌ ਹੋਇ।।
ਬਰਨ ਅਬਰਨ ਰੰਜ ਨਹੀਂ ਈਸੁਰੁ ਬਿਮਲ ਬਾਸੁ ਜਾਨੀਐ ਜਗਿ ਸੋਇ।।
ਬ੍ਰਹਮਨ ਬੈਸ ਸੂਦ ਅਰੁ ਖਤ੍ਰੀ ਡੋਮ ਚੰਡਾਲ ਮਲੇਛ ਮਨ ਸੋਇ।।

ਰਵਿਦਾਸ ਜੀ ਨੂੰ ਭਗਤੀ ਦੀ ਚੇਤਨਾ ਵੱਲ ਖਿੱਚਣ ਲਈ ਸਭ ਤੋਂ ਪਹਿਲਾ ਅਹਿਸਾਸ ਪੌਰਾਣਿਕ ਕਾਲ ਦੇ ਭਗਤਾਂ ਦੀ ਸਮਾਜ ਵਿਚ ਮਾਨਤਾ ਅਤੇ ਸ਼ੋਭਾ ਤੋਂ ਜਾਗਿਆ। ਉਹ ਆਪਣੀ ਬਾਣੀ ਵਿਚ ਸ੍ਰੀ ਬਾਲਮੀਕ ਜੀ, ਸ੍ਰੀ ਰਾਮ ਚੰਦਰ ਜੀ ਤੇ ਸ੍ਰੀ ਕ੍ਰਿਸ਼ਨ ਜੀ ਦਾ ਜ਼ਿਕਰ ਕਰਦੇ ਹਨ ਕਿ ਜੇਕਰ ਉਹ ਭਗਤੀ ਕਰਨ ਨਾਲ ਤਰ ਸਕਦੇ ਹਨ ਤਾਂ ਉਹ ਕਿਉਂ ਨਹੀਂ? ਇਸ ਦੇ ਨਾਲ ਹੀ ਉਨ੍ਹਾਂ ਦੇ ਸਮਕਾਲੀ ਭਗਤ ਗੁਰੂਆਂ ਜਿਵੇਂ ਸਤਿਗੁਰੂ ਨਾਮਦੇਵ ਜੀ, ਸਤਿਗੁਰੂ ਕਬੀਰ ਜੀ, ਸਤਿਗੁਰੂ ਤ੍ਰਿਲੋਚਨ ਜੀ, ਸਤਿਗੁਰੂ ਸਧਨਾ ਜੀ ਤੇ ਸਤਿਗੁਰੂ ਸੈਨ ਜੀ ਦਾ ਵੀ ਬਹੁਤ ਪ੍ਰਭਾਵ ਪਿਆ। ਇਸ ਦੀ ਉਦਾਹਰਣ ਇਸ ਪ੍ਰਕਾਰ ਹੈ:-

ਹਰਿ ਕੇ ਨਾਮ ਕਬੀਰ ਉਜਾਗਰ।। ਜਨਮ ਜਨਮ ਕੇ ਕਾਟੇ ਕਾਗਰ।।
ਨਿਮਤ ਨਾਮਦੇਉ ਦੂਧ ਪਿਆਹਿਆ।। ਤਉ ਜੱਗ ਜਨਮ ਸੰਕਟ ਨਹੀਂ ਆਇਆ।।
ਨਾਮਦੇਵ ਕਬੀਰ ਤ੍ਰਿਲੋਚਨ ਸਧਨਾ ਸੈਨੁ ਤਰੈ।।
ਕਹਿ ਰਵਿਦਾਸ ਸੁਣਹੁ ਰੇ ਸੰਤਹੁ ਹਰਿ ਜੀਉ ਤੇ ਸਭ ਸਰੈ।।

ਜਦੋਂ ਉਨ੍ਹਾਂ ਨੇ ਜਗਤ ਗੁਰੂ ਪਾਰਬ੍ਰਹਮ ਦਾ ਅਹਿਸਾਸ ਕਰ ਲਿਆ ਤਾਂ ਉਨ੍ਹਾਂ ਨੇ ਆਪਣੇ ਸਤਿਗੁਰੂ ਨੂੰ ਸਿੱਧਾ ਸੰਬੋਧਨ ਕੀਤਾ, ਇਹ ਭਾਵਨਾ ਨਿਮਨ-ਲਿਖਤ ਸੱਤਰਾਂ ਤੋਂ ਪ੍ਰਗਟ ਹੁੰਦਾ ਹੈ:-

ਤੁਮ ਕਹੀਅਤ ਹੋ ਜਗਤ ਗੁਰ ਸੁਆਮੀ।।
ਹਮ ਕਰੀਅਤ ਕਲਿਜੁਗ ਕੇ ਕਾਮੀ।।

ਸਤਿਗੁਰੂ ਰਵਿਦਾਸ ਜੀ ਜਾਣਦੇ ਸਨ ਕਿ ਉਨ੍ਹਾਂ ਨੂੰ ਰਸਮਾਂ ਅਨੁਸਾਰ ਫੁੱਲ ਮਾਲਾ ਤੇ ਹੋਰ ਸਮੱਗਰੀ ਦੇਵਤੇ ਨੂੰ ਚੜ੍ਹਾਉਣ ਲਈ ਕਿਸੇ ਮੰਦਰ ਵਿਚ ਨਹੀਂ ਜਾਣ ਦਿੱਤਾ ਜਾਵੇਗਾ, ਇਸ ਲਈ ਉਨ੍ਹਾਂ ਨੇ ਆਪਣੇ ਮਨ ਨੂੰ ਹੀ ਮੰਦਰ ਬਣਾ ਲਿਆ ਤੇ ਕਿਹਾ ਕਿ ਉਹ ਸੁਆਮੀ ਤਾਂ ਸਭਨਾਂ ਘਟਾਂ ਵਿਚ ਵੱਸਦਾ ਹੈ:-

'ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋਗਵੈ ਸੋਈ।।''

ਸਤਿਗੁਰੂ ਰਵਿਦਾਸ ਜੀ ਦੇ ਵਿਚਾਰਾਂ ਵਿਚ ਅਡੋਲਤਾ ਆ ਗਈ। ਇਸ ਪਿੱਛੇ ਉਨ੍ਹਾਂ ਦੇ ਜੀਵਨ ਦਾ ਲੰਬਾ ਤਜਰਬਾ ਸੀ। ਇਸ ਤਜਰਬੇ ਵਿਚੋਂ ਉਨ੍ਹਾਂ ਨੂੰ 'ਬੇਗਮਪੁਰਾ ਦਾ ਅਹਿਸਾਸ' ਹੋਇਆ। ਇਹ ਉਹ ਸੰਸਾਰ ਹੈ, ਜਿੱਥੇ ਕਿਸੇ ਨੂੰ ਕੋਈ ਗਮ ਅਤੇ ਫਿਕਰ ਨਾ ਹੋਵੇ, ਇਹ ਸੰਦੇਸ਼ ਉਨ੍ਹਾਂ ਨੇ ਸਮੁੱਚੀ ਮਾਨਵਤਾ ਨੂੰ ਦਿੱਤਾ ਤੇ ਕਿਹਾ:-

ਬੇਗਮਪੁਰਾ ਸਹਰ ਕੋ ਨਾਉ।। ਦੂਖ ਅੰਦੋਹ ਨਹ ਤਿਹਿ ਠਾਉ।।
ਨਾ ਤਸਵੀਸ ਖਿਰਾਜੁ ਨ ਮਾਲੁ।। ਖਉਫੁ ਨ ਖਤਾ ਨਾ ਤਰਸੁ ਜਵਾਲ।।

ਸਤਿਗੁਰੂ ਸੈਣ ਜੀ ਰਚਿਤ, 'ਕਬੀਰ-ਰਵਿਦਾਸ ਸੰਵਾਦ' ਇਕ ਪੁਰਾਤਨ ਰਚਨਾ ਹੈ। ਸਤਿਗੁਰੂ ਸੈਣ ਜੀ, ਸਤਿਗੁਰੂ ਰਵਿਦਾਸ ਜੀ ਤੇ ਸਤਿਗੁਰੂ ਕਬੀਰ ਦਾਸ ਜੀ ਦੇ ਸਮਕਾਲੀ ਵੀ ਸਨ। ਇਸ ਰਚਨਾ ਵਿਚ ਸਤਿਗੁਰੂ ਕਬੀਰ ਦਾਸ ਜੀ ਅਤੇ ਸਤਿਗੁਰੂ ਰਵਿਦਾਸ ਜੀ ਦੀ ਨਿਰਗੁਣ ਤੇ ਸਰਗੁਣ ਬਾਰੇ, ਵਿਚਾਰਾਂ ਦੀ ਚਰਚਾ ਬੜੀ ਉੱਚ ਪਾਏ ਦੀ ਹੈ। ਇਸ ਚਰਚਾ ਤੋਂ ਸਾਬਤ ਹੁੰਦਾ ਹੈ ਕਿ ਸਤਿਗੁਰੂ ਰਵਿਦਾਸ ਜੀ ਅਵਤਾਰਵਾਦੀ ਵਿਚਾਰਾਂ ਦੇ ਸਨ। ਇਹ ਉਹਨਾਂ ਦਾ ਪ੍ਰੇਮਾ ਭਗਤੀ ਦਾ ਆਰੰਭਕ ਦੌਰ ਹੈ ਤੇ ਬਾਅਦ ਵਿਚ ਆਪਣੇ ਵਿਸ਼ਾਲ ਬੌਧਿਕ ਵਿਕਾਸ ਬਾਅਦ ਤੇ ਗੁਰੂ ਨਾਨਕ ਦੇਵ ਜੀ ਨਾਲ ਵਿਚਾਰ ਵਟਾਂਦਰਾ ਕਰਨ ਉਪਰੰਤ, ਨਿਰਗੁਣਵਾਦੀ ਬਣ ਗਏ। ਸਤਿਗੁਰੂ ਕਬੀਰ ਦਾਸ ਜੀ ਉਨ੍ਹਾਂ ਤੋਂ ਕਾਫੀ ਸਮਾਂ ਪਹਿਲਾਂ ਨਿਰਗੁਣਵਾਦੀ ਬਣ ਚੁੱਕੇ ਸਨ। ਸਤਿਗੁਰੂ ਰਵਿਦਾਸ ਜੀ ਦੀ ਬਾਣੀ ਬਾਰੇ ਚਰਚਾ ਕਰਦਿਆਂ, ਇਸ ਸਿੱਟੇ 'ਤੇ ਪਹੁੰਚਿਆ ਜਾ ਸਕਦਾ ਹੈ ਕਿ ਉਨ੍ਹਾਂ ਦੀ ਬਾਣੀ ਅਧਿਆਤਮਵਾਦ ਤੇ ਮਾਨਵਵਾਦ ਦਾ ਸੁਮੇਲ ਹੈ। ਉਹ ਭਗਤੀ ਲਹਿਰ ਦੇ ਸਿਰਮੌਰ ਭਗਤਾਂ ਵਿਚ ਸ਼ਾਮਲ ਸਨ। ਉਨ੍ਹਾਂ ਨੇ ਉਸ

(ਬਾਕੀ ਅਗਲੇ ਸਫੇ 'ਤੇ)

# ਛੱਡ ਗਿਆ ਸਾਥ, ਸਾਥੀ ਲੁਧਿਆਣਵੀ



ਕੇ. ਸੀ. ਮੋਹਨ

ਪੰਜਾਬੀ ਕਵਿੱਤਰੀ ਅਮਰ ਜਿਓਤੀ ਦਾ ਫੋਨ ਆਉਂਦਾ ਹੈ, "ਸਾਥੀ ਲੁਧਿਆਣਵੀ ਕੈਂਸਰ ਦੀ ਨਾਮੁਰਾਦ ਬਿਮਾਰੀ ਕਰਕੇ ਹਸਪਤਾਲ ਵਿੱਚ ਭਰਤੀ ਹੈ। ਉਹਦਾ ਪਤਾ ਲੈਣ ਚੱਲੀਏ।" ਹੋ ਸਕਦਾ ਹੈ ਉਹ ਘਰ ਵੀ ਚਲਾ ਗਿਆ ਹੋਵੇ। ਸੁਣ ਕੇ ਮਨ ਹਿੱਲ ਜਾਂਦਾ ਹੈ। ਸਾਥੀ ਹੁਣੇ ਜਿਹੇ ਤੱਕ ਤਾਂ ਸਾਹਿਤਕ ਪ੍ਰੋਗਰਾਮਾਂ ਵਿੱਚ ਭਾਗ ਲੈਂਦਾ ਸੁਣਿਆ ਹੈ। ਉਹਦਾ ਐੱਮ ਏ ਟੀ ਵੀ ਵਾਲਾ ਟੈਲੀ ਪ੍ਰੋਗਰਾਮ ਸਰੋਤੇ ਮਾਣਦੇ ਰਹੇ ਨੇ। ਉਹ ਲਗਾਤਾਰ ਅਖ਼ਬਾਰਾਂ/ਰਸਾਲਿਆਂ ਵਿੱਚ ਛਪਦਾ ਨਜ਼ਰ ਆ ਰਿਹਾ ਹੈ।

ਸਾਥੀ ਨੇ ਸਤੰਬਰ ਵਿੱਚ ਹੀ ਮੈਨੂੰ ਆਪਣੇ ਟੀ ਵੀ ਪ੍ਰੋਗਰਾਮ ਵਿੱਚ ਸਰੋਤਿਆਂ ਦੇ ਰੂਬਰੂ ਕੀਤਾ ਸੀ। ਉਹ ਇਕਦਮ ਚੜ੍ਹਦੀ ਕਲਾ ਵਿੱਚ ਸੀ। ਕਹਿੰਦਾ ਸੀ ਇਹ ਘੰਟੇ ਦਾ ਪ੍ਰੋਗਰਾਮ ਫਟਾਫਟ ਹੀ ਖਤਮ ਹੋ ਗਿਆ। ਫਿਰ ਮਿਲਣਾ ਪੈਣਾ ਹੈ। ਤੁਹਾਡੇ ਨਾਲ ਬਰਤਾਨੀਆ ਵਿੱਚ ਬੱਚਿਆਂ ਨੂੰ ਗੋਦ ਲੈਣ/ਮੁਤਬੰਨਾ ਬਣਾਉਣ ਦੇ ਵਿਸ਼ੇ ਬਾਰੇ ਹੋਰ ਗੱਲਾਂ ਕਰਨੀਆਂ ਹਨ। ਇਸ ਵਿਸ਼ੇ ਬਾਰੇ ਸਾਡੇ ਏਸ਼ੀਅਨ ਲੋਕਾਂ ਨੂੰ ਜਾਗਰੂਕ ਕਰਨ ਦੀ ਲੋੜ ਹੈ। ਨਵੰਬਰ ਦੇ ਗੇੜ ਵਿੱਚ ਹੀ ਸਾਥੀ ਹੁਰਾਂ ਰਣਜੀਤ ਧੀਰ ਹੋਰਾਂ ਨਾਲ ਟੀ ਵੀ 'ਤੇ ਗੱਲਬਾਤ ਕੀਤੀ ਸੀ। ਸਾਥੀ ਦਾ ਇੰਜ ਗੰਭੀਰਤਾ ਨਾਲ ਬਿਮਾਰ ਹੋ ਜਾਣਾ ਹੈਰਾਨੀਜਨਕ ਲੱਗਿਆ, ਪਰ ਅਜਿਹੀਆਂ ਖ਼ਬਰਾਂ ਕਿੱਥੇ ਛੁਪੀਆਂ ਹੁੰਦੀਆਂ ਨੇ।

ਕੁਝ ਇਕ ਹੋਰ ਮਿੱਤਰਾਂ ਨੂੰ ਫੋਨ ਕਰਕੇ ਸਾਥੀ ਦੀ ਬਿਮਾਰੀ ਬਾਰੇ ਅਤੇ ਉਹਦੇ ਹਸਪਤਾਲ ਭਰਤੀ ਹੋਣ ਬਾਰੇ ਪੁੱਛਿਆ। ਇਹ ਗੱਲ ਸਹੀ ਹੁੰਦੀ ਲੱਗੀ। ਮੈਂ ਸਿੱਧਾ ਹਸਪਤਾਲ ਜਾਣ ਤੋਂ ਗੁਰੇਜ਼ ਕਰਨ ਦਾ ਸੋਚਦਾ ਸਾਂ। ਗੰਭੀਰ ਤੌਰ 'ਤੇ ਬਿਮਾਰ ਬੰਦੇ ਨੂੰ ਬਾਹਰੀ ਪਤਾ ਲੈਣ ਆਏ ਲੋਕਾਂ ਤੋਂ ਇਨਫੈਕਸ਼ਨ ਆਦਿ ਹੋ ਜਾਣ ਦੇ ਡਰੋਂ, ਡਾਕਟਰ ਅਹਿਤਿਆਤ ਵਰਤਣ ਲਈ ਅਕਸਰ ਕਿਹਾ ਕਰਦੇ ਨੇ। ਕਈ ਦਫਾ ਪਰਵਾਰ ਵਾਲੇ ਮਰੀਜ਼ ਨੂੰ ਮਾਨਸਿਕ ਪਰੇਸ਼ਾਨੀ ਵੀ ਨਹੀਂ ਦੇਣਾ ਚਾਹੁੰਦੇ।

ਸਾਥੀ ਜੀ ਦੇ ਪਰਮ ਮਿੱਤਰ ਕਵੀ ਚਮਨ ਲਾਲ ਚਮਨ ਨੇ ਦੱਸਿਆ ਕਿ ਸਾਥੀ ਪੱਛਮੀ ਲੰਡਨ ਦੇ ਹਿਲਿੰਗਡਨ ਹਸਪਤਾਲ ਦੇ ਬੈਵਿਨ ਵਾਰਡ ਵਿੱਚ ਦਾਖਲ ਹੈ। ਉਸ ਨੂੰ ਮਿਲਿਆ ਜਾ ਸਕਦਾ ਹੈ। ਉਸ ਕੋਲ ਆਪਣਾ ਕਮਰਾ ਹੈ, ਮਿਲਣ ਦੇ ਸਮੇਂ 'ਤੇ ਕੋਈ ਪਾਬੰਦੀ ਨਹੀਂ ਹੈ।

ਅਮਰ ਜਿਓਤੀ ਤੇ ਮੈਂ ਅਗਲੇ ਦਿਨ ਹਸਪਤਾਲ ਪੁੱਜਦੇ ਹਾਂ। ਸਾਥੀ ਦੇ ਕਈ ਕਰੀਬੀ ਮਿੱਤਰ, ਕਰੀਬੀ ਰਿਸ਼ਤੇਦਾਰ ਰੀਸੈਪਸ਼ਨ ਵਿੱਚ ਬੈਠੇ ਹਨ। ਸਾਥੀ ਹੁਰਾਂ ਦੀ ਧਰਮ ਪਤਨੀ ਯਸ਼ ਸਾਥੀ ਨੇ ਦੱਸਿਆ ਕਿ ਦਰਦ ਘੱਟ ਕਰਨ ਦੀਆਂ ਦਵਾਈਆਂ ਕਰਕੇ ਸਾਥੀ ਹੁਰੀਂ ਸੁੱਤੇ ਹੋਏ ਨੇ। ਉਹਨਾ ਨੂੰ ਜਗਾਉਣਾ ਠੀਕ ਨਹੀਂ। ਤੁਸੀਂ ਥੋੜ੍ਹਾ ਇੰਤਜ਼ਾਰ ਕਰ ਲਓ। ਯਸ਼ ਜੀ ਦੀ ਇਹ ਸਲਾਹ ਉਚਿਤ ਸੀ। ਆਪਣਾ ਅੰਦਰਲਾ ਦਰਦ ਲਾਂਭੇ ਕਰਦੇ ਹੋਏ ਯਸ਼ ਸਾਥੀ ਸਾਨੂੰ ਸਾਥੀ ਹੁਰਾਂ ਦੀ ਬਿਮਾਰੀ ਦਾ ਪਿਛੋਕੜ ਦੱਸਣ ਲੱਗੇ। ਕੈਂਸਰ ਹੋ ਜਾਣ ਦਾ ਪਤਾ ਲੰਘੀ ਜੁਲਾਈ ਵਿੱਚ ਲੱਗ ਗਿਆ ਸੀ। ਟੈਸਟ 'ਤੇ ਟੈਸਟ ਹੋਣ ਲੱਗੇ। ਸਾਥੀ ਹੁਰੀਂ ਆਪਣੇ ਨਿੱਤ ਪ੍ਰਤੀ ਦਿਨ ਦੇ ਕੰਮਾਂ ਵਿੱਚ ਪਹਿਲਾਂ ਵਾਂਗ ਹੀ ਜੁਟੇ ਰਹੇ। ਟੀ ਵੀ ਪ੍ਰੋਗਰਾਮ ਕਰਦੇ ਰਹੇ। ਅਸੀਂ ਉਹਨਾ ਦੀ ਮਰਜ਼ ਬਾਰੇ ਕਿਸੇ ਨੂੰ ਦੱਸਿਆ ਵੀ ਨਹੀਂ। ਡਾਕਟਰਾਂ ਤੋਂ ਬਿਨਾਂ ਹੋਰ ਕੋਈ ਕੀ ਕਰ ਸਕਦਾ ਸੀ। ਫਿਰ ਹੌਲੀ-ਹੌਲੀ ਸਾਥੀ ਹੁਰਾਂ ਦਾ ਵਜ਼ਨ ਘਟਣ ਲੱਗਾ। ਰੇਡੀਓ ਥੈਰੇਪੀ ਚੱਲਦੀ ਰਹੀ। ਉਹ ਆਪਣੇ ਕੰਮਾਂ ਵਿੱਚ ਲਗਾਤਾਰ ਵਿਅਸਥ ਰਹੇ।

ਪਰ ਕੈਂਸਰ ਹੁਣ ਭਾਰੂ ਹੋਣ ਲੱਗਾ ਸੀ। ਇਹ ਆਪਣੇ ਪੈਰ ਪਸਾਰ ਰਿਹਾ ਸੀ। ਇਹ ਗੁਰਦਿਆਂ ਤੋਂ ਸ਼ੁਰੂ ਹੋ ਕੇ ਹੌਲੀ-ਹੌਲੀ ਸਰੀਰ ਦੇ ਦੂਜੇ ਹਿੱਸਿਆਂ ਵਿੱਚ ਫੈਲਣ ਲੱਗਾ। ਸਾਥੀ ਹਸਪਤਾਲ ਭਰਤੀ ਕੀਤੇ ਗਏ। ਵਿੱਚਦੀ ਘਰ ਵੀ ਆ ਜਾਂਦੇ, ਨਵਾਂ ਸਾਲ ਅਸੀਂ ਘਰ ਮਨਾਇਆ।

ਸਾਥੀ ਹੁਰਾਂ ਦੇ ਦਰਸ਼ਨ ਕਰਾਉਣ ਲਈ ਯਸ਼ ਹੋਰੀਂ ਸਾਨੂੰ ਸਾਥੀ ਦੇ ਕਮਰੇ ਬਾਹਰ ਵੱਲ ਲੈ ਗਏ। ਸ਼ਾਇਦ ਸਾਥੀ ਹੁਰੀਂ ਜਾਗ ਗਏ ਹੋਣ। ਸਾਥੀ ਡੂੰਘੀ ਘੂਕੀ ਵਿੱਚ ਲੇਟੇ ਹੋਏ ਸਨ। ਯਸ਼ ਹੁਰਾਂ ਸਾਨੂੰ ਫਿਰ ਕਿਸੇ ਦਿਨ ਗੇੜਾ ਲਾਉਣ ਲਈ ਕਿਹਾ ਤੇ ਇਹ ਵੀ ਕਿ ਜਦ ਸਾਥੀ ਹੁਰੀਂ ਸੁੱਤੇ ਨਹੀਂ ਹੁੰਦੇ, ਖ਼ੂਬ ਗੱਲਾਂ ਕਰਕੇ ਖ਼ੁਸ਼ ਹੁੰਦੇ ਹਨ। ਪਤਾ ਲੈਣ ਆਏ ਮਿੱਤਰਾਂ ਨੂੰ ਮਿਲ ਕੇ ਖਿੜ ਜਾਂਦੇ ਹਨ। ਰੇਡੀਓ ਤੇ ਟੀ ਵੀ ਰਾਹੀਂ ਲੱਖਾਂ ਸਰੋਤਿਆਂ ਦਾ ਮਨੋਰੰਜਨ ਕਰਨ ਵਾਲਾ ਹਰਮਨ-ਪਿਆਰਾ ਪ੍ਰੀਜ਼ੈਂਟਰ ਹੁਣ ਚੁੱਪ ਲੇਟਿਆ ਪਿਆ ਸੀ। ਇਹ ਮੰਜ਼ਰ ਵੇਖ ਝੱਲ ਨਹੀਂ ਸੀ ਹੋ ਰਿਹਾ। ਜਦੋਂ ਅਸੀਂ ਸਾਥੀ ਹੋਰਾਂ ਦੇ ਕਮਰੇ ਵੱਲ ਪਿੱਠ ਕੀਤੀ, ਮੈਨੂੰ ਸਾਥੀ ਦੇ ਖੁੱਲ੍ਹੇ ਹਾਸੇ ਦਾ ਭਉਲਾ ਪਿਆ।

ਦਿਨ ਵੀਰਵਾਰ 10 ਜਨਵਰੀ ਨੂੰ ਕਹਾਣੀਕਾਰ ਗੁਰਪਾਲ ਸਿੰਘ ਅਤੇ ਮੈਂ ਸਾਥੀ ਹੁਰਾਂ ਦੀ ਖ਼ਬਰ ਲੈਣ ਲਈ ਹਸਪਤਾਲ ਗਏ। ਯਸ਼ ਜੀ ਅਤੇ ਉਹਨਾਂ ਦੇ ਭਰਾਤਾ ਕੌਂਸਲਰ ਮੋਹਨੇਸ਼ ਚੰਦਰ (ਕੁਕੂ) ਸਾਥੀ ਜੀ ਦੇ ਕਮਰੇ 'ਚ ਬੈਠੇ ਸਨ। ਸਾਥੀ ਹੁਰੀਂ ਪੂਰੇ ਚੇਤੰਨ ਸਨ। ਸਾਨੂੰ ਵੇਖਦਿਆਂ ਉਹਨਾਂ ਦਾ ਚਿਹਰਾ ਖਿੜ ਗਿਆ। ਉਨ੍ਹਾ ਚਾਅ ਨਾਲ ਸਾਡੇ ਨਾਲ ਆਪਣਾ ਹੱਥ ਮਿਲਾਇਆ। ਦੋ-ਚਾਰ ਮਿੰਟਾਂ ਦੀ ਖਾਮੋਸ਼ੀ ਬਾਅਦ ਅਸੀਂ ਆਮ ਵਾਂਗ ਗੱਲਾਂ ਕਰਨ ਲੱਗੇ। ਸਾਥੀ ਦੀ ਆਵਾਜ਼ ਵਿੱਚ ਆਮ ਵਰਗਾ ਵਹਾਅ ਸੀ। ਭਾਰ ਜ਼ਰੂਰ ਕੁਝ ਘਟਿਆ ਲੱਗਦਾ ਸੀ, ਪਰ ਉਹਦੇ ਚਿਹਰੇ 'ਤੇ ਕੈਂਸਰ ਜਿਹੀ ਗੰਭੀਰ ਰੋਗ ਦੀ ਰਤਾ ਵੀ ਝਲਕ ਨਹੀਂ ਸੀ। ਮੈਂ ਸਾਥੀ ਨੂੰ ਆਖਿਆ ਕਿ ਜੇਕਰ ਮੈਂ ਹਸਪਤਾਲੋਂ ਬਾਹਰ ਉਹਨੂੰ ਕਿਤੇ ਮਿਲਦਾ ਤਾਂ ਮੈਂ ਕਦੀ ਨਾ ਸੋਚਦਾ ਕਿ ਉਹ ਵਿੱਲੇ-ਮੱਠੇ ਨੇ। ਸਾਥੀ ਦਾ ਚਿਹਰਾ ਰੁੱਗ ਸਾਰੀ ਮੁਸਕਾਨ ਨਾਲ ਭਰਿਆ ਗਿਆ। ਮੈਂ ਫਿਰ ਸਾਥੀ ਹੁਰਾਂ ਨੂੰ ਉਹਨਾਂ ਦਾ ਮੇਰੇ ਨਾਲ ਕੀਤਾ ਵਾਅਦਾ ਵੀ ਯਾਦ ਦਿਲਾਇਆ ਕਿ ਉਹਨਾਂ ਦੇ ਮੈਨੂੰ ਫਿਰ ਟੀ ਵੀ 'ਤੇ ਬੁਲਾ ਕੇ ਬੱਚਿਆਂ ਨੂੰ ਮੁਤਬੰਨਾ ਬਣਾਉਣ ਤੇ ਵਿਸ਼ੇ 'ਤੇ ਗੱਲ ਕਰਨੀ ਹੈ। ਉਹਨਾ ਨੂੰ ਆਪਣਾ ਵਾਅਦਾ ਪੂਰੀ ਤਰ੍ਹਾਂ ਯਾਦ ਸੀ। ਅਸੀਂ ਬਰੇਕਿਸਟ, ਪਹਿਲੇ ਵਿਸ਼ਵ ਪੰਜਾਬੀ ਸਮਾਗਮ, ਸਾਥੀ ਦੇ ਤਾਜ਼ਾ ਨਾਵਲ 'ਸਾਹਿਲ', ਬੀਤੇ ਦੀਆਂ ਸਾਹਿਤਕ ਸਰਗਰਮੀਆਂ ਬਾਰੇ ਗੱਲਾਂ ਕਰਦੇ ਰਹੇ। ਸਾਥੀ ਹੁਰਾਂ ਆਪਣੇ ਭਰਾਵਾਂ/ਪਰਿਵਾਰਕ ਮੈਂਬਰਾਂ, ਲੁਧਿਆਣਾ ਵਿਚਲੇ ਉਹਨਾਂ ਦੇ ਕਾਰੋਬਾਰਾਂ ਅਤੇ ਆਪਣੀ ਬਰਤਾਨੀਆ ਵਿੱਚ ਕੰਮਾਂਕਾਰਾਂ ਬਾਰੇ ਲਗਾਤਾਰ ਗੱਲਾਂ ਕੀਤੀਆਂ। ਗੁਰਪਾਲ ਸਿੰਘ ਨੇ ਸਾਥੀ ਹੁਰਾਂ ਦੇ ਪੋਸਟ ਆਫਿਸ ਉਪਰਲੇ ਵੱਡੇ ਕਮਰੇ ਵਿੱਚ ਹੁੰਦੀਆਂ ਸਾਹਿਤਕ ਮਹਿਫਲਾਂ ਨੂੰ ਯਾਦ ਕੀਤਾ।






ਸਾਥੀ ਹੁਰਾਂ ਨੂੰ ਮਿਲ ਕੇ ਅਤੇ ਉਹਨਾਂ ਨਾਲ ਕਈ ਸਾਰੀਆਂ ਗੱਲਾਂ ਕਰਕੇ ਮਨ ਬਹੁਤ ਖੁਸ਼ ਹੋਇਆ। ਮੈਨੂੰ ਲੱਗਾ ਕਿ ਸਾਥੀ ਹੁਰੀਂ ਤਕੜੀ ਮੁਦਰਾ 'ਚ ਨੇ। ਉਹ ਛੇਤੀ ਕੀਤੇ ਜਿਹੇ ਨਹੀਂ ਜਾਣ ਲੱਗੇ। ਉਹਨਾਂ ਨੂੰ ਛੇਤੀ ਹੀ ਫਿਰ ਮਿਲਣ ਆਵਾਂਗੇ।

ਪਰ ਕੁਦਰਤ ਨੇ ਜੋ ਤੈਅ ਕੀਤਾ ਹੋਇਆ ਸੀ, ਉਹੀ ਹੋਇਆ। ਚਮਨ ਲਾਲ ਚਮਨ ਹੁਰਾਂ ਦਾ ਬੁੱਧਵਾਰ 17 ਜਨਵਰੀ ਨੂੰ ਸੁਨੇਹਾ ਆਇਆ। ਸਾਥੀ ਹੁਰੀਂ ਅੱਜ ਸਵੇਰੇ 4 ਵਜੇ ਚਲੇ ਗਏ ਨੇ। ਸਾਥੀ ਹੁਰੀਂ ਇੱਕ ਅਦਾਰਾ ਸਨ। ਬਰਤਾਨੀਆ ਵਿੱਚ ਪਹਿਲੇ ਪੂਰ ਦੇ ਪੰਜਾਬੀ ਸਾਹਿਤਕਾਰਾਂ ਵਿਚਲੇ ਮੋਹਰੀਆਂ 'ਚੋਂ ਸਨ। ਸੱਠਵਿਆਂ ਤੋਂ ਆਉਣੇ ਸ਼ੁਰੂ ਹੋਏ ਇਹਨਾਂ ਪੰਜਾਬੀ ਸਾਹਿਤਕ ਥੰਮ੍ਹਾਂ ਵਿੱਚ ਸਾਥੀ ਹੁਰਾਂ ਦਾ ਨਾਂਅ ਹਮੇਸ਼ਾ ਅਗਲੀ ਕਤਾਰ ਵਿੱਚ ਰਿਹਾ। ਉਹ 1962 ਵਿੱਚ ਬਰਤਾਨੀਆ ਆਏ ਅਤੇ ਉਹਨਾਂ ਦਾ ਮਸ਼ਹੂਰ ਕਾਲਮ 'ਸਮੁੰਦਰੋਂ ਪਾਰ' ਸਤਿਕਾਰਤ ਸਾਹਿਤਕ ਰਸਾਲੇ 'ਪ੍ਰੀਤ ਲੜੀ' ਦਾ ਦੋ ਦਹਾਕਿਆਂ ਤੋਂ ਵੱਧ ਸਮੇਂ ਲਈ ਸ਼ਿੰਗਾਰ ਰਿਹਾ। ਪੰਜਾਬੀ ਸਾਹਿਤ ਦਾ ਹਰ ਪਾਠਕ ਇਸ ਕਾਲਮ ਤੋਂ ਵਾਕਫ ਰਿਹਾ ਹੈ। ਫਿਰ ਇਹ ਕਾਲਮ 'ਪੰਜਾਬੀ ਟ੍ਰਿਬਿਊਨ' ਵਿੱਚ 6 ਸਾਲ ਛਪਦਾ ਰਿਹਾ। ਸਾਥੀ ਲੁਧਿਆਣਵੀ 'ਸਮੁੰਦਰੋਂ ਪਾਰ ਵਾਲਾ ਸਾਥੀ' ਦੇ ਤੌਰ 'ਤੇ ਸਮੁੱਚੇ ਪੰਜਾਬੀ ਸਾਹਿਤਕ ਜਗਤ ਵਿੱਚ ਜਾਣਿਆ ਜਾਣ ਲੱਗਾ।

ਸਾਥੀ ਲੁਧਿਆਣਵੀ ਦਾ ਅਸਲੀ ਨਾਂਅ ਮੋਹਨ ਸਿੰਘ ਸਾਥੀ ਸੀ। ਸਾਥੀ ਹੁਰਾਂ ਦਾ ਜਨਮ 1 ਫਰਵਰੀ 1941 ਨੂੰ ਪਿੰਡ ਝਿੱਕੀ ਪੱਲੀ, ਜ਼ਿਲ੍ਹਾ ਜਲੰਧਰ ਵਿੱਚ ਹੋਇਆ। ਉਹਨਾ ਦੀ ਮਾਤਾ ਦਾ ਨਾਂਅ ਰਾਜ ਕੌਰ ਅਤੇ ਪਿਤਾ ਦਾ ਨਾਂਅ ਪ੍ਰੇਮ ਸਿੰਘ ਸੀ। ਇਸ ਫਰਵਰੀ 'ਚ ਉਹਨਾਂ ਨੇ 78 ਸਾਲਾਂ ਦਾ ਹੋ ਜਾਣਾ ਸੀ। ਸਾਥੀ ਤੇ ਯਸ਼ ਹੁਰਾਂ ਦੀ ਸ਼ਾਦੀ 1965 ਵਿੱਚ ਹੋਈ।

ਸਾਥੀ ਹੁਰਾਂ ਆਪਣੇ ਪਿੱਛੇ ਆਪਣੀ ਪਤਨੀ ਯਸ਼ ਸਾਥੀ, ਬੇਟਾ ਨਵੀਨ, ਨੂੰਹ ਸ਼ਰਨਜੀਤ, ਪੋਤਰੇ ਨਿਹਾਲ ਅਤੇ ਆਕਾਸ਼ ਅਤੇ ਪੋਤਰੀ ਜਯਾ ਛੱਡ ਗਏ ਹਨ। ਉਹਨਾ ਦਾ ਦੂਜਾ ਪੁੱਤਰ ਪਰਵੀਨ ਭਰ ਜਵਾਨੀ ਵਿੱਚ ਸੰਨ 2004 ਵਿੱਚ ਕੈਂਸਰ ਦੀ ਨਾਮੁਰਾਦ ਬਿਮਾਰੀ ਨੇ ਖੋਹ ਲਿਆ ਸੀ। ਆਪਣੇ ਪਰਵਾਰ ਤੋਂ ਬਿਨਾਂ ਸਾਥੀ ਹੋਰੀਂ ਪੰਜਾਬੀ ਪਾਠਕਾਂ ਲਈ ਆਪਣੀਆਂ 18 ਦੇ ਕਰੀਬ ਪੁਸਤਕਾਂ ਛੱਡ ਗਏ ਹਨ, ਜੋ ਪੰਜਾਬੀ ਬੋਲੀ ਦੀ ਅਮੀਰੀ ਦਾ ਪਰਚਮ ਲਹਿਰਾਉਂਦੀਆਂ ਰਹਿਣਗੀਆਂ।

ਸਾਥੀ ਹੁਰੀਂ ਬਰਤਾਨੀਆ ਵਿੱਚ 1962 ਵਿੱਚ ਪੜ੍ਹਾਈ ਕਰਨ ਲਈ ਆਏ ਸਨ। ਉਹਨਾ ਨੇ ਅਕਾਊਂਟੈਂਸੀ ਵਿੱਚ ਡਿਪਲੋਮਾ ਕੀਤਾ ਅਤੇ ਉਹ ਆਨਰਜ਼ ਇਨ ਪੰਜਾਬੀ ਸਨ। ਕਿੱਤਿਆਂ ਦੇ ਹਵਾਲੇ ਨਾਲ ਉਹਨਾਂ ਕੁਝ ਦੇਰ ਬ੍ਰਿਟਿਸ਼ ਏਅਰਵੇਜ਼ ਵਿੱਚ ਨੌਕਰੀ ਕੀਤੀ, ਕੁਝ ਸਾਲ ਕੇਂਦਰੀ ਲੰਡਨ ਦੇ ਇੱਕ ਪੋਸਟ ਆਫਿਸ ਵਿੱਚ ਸੀਨੀਅਰ ਅਧਿਕਾਰੀ ਦੇ ਤੌਰ 'ਤੇ ਕੰਮ ਕੀਤਾ, ਫਿਰ ਆਪਣੇ ਪੋਸਟ ਆਫਿਸ ਦੀ ਪੋਸਟ ਮਾਸਟਰੀ ਕੀਤੀ ਅਤੇ ਕਾਫੀ ਸਮਾਂ ਆਪਣਾ ਬਿਜ਼ਨੈੱਸ ਵੀ ਕੀਤਾ।

ਸਾਥੀ ਹੁਰੀਂ ਇੱਕ ਪ੍ਰਸਿੱਧ ਲੇਖਕ, ਰੇਡੀਓ ਪ੍ਰੀਜ਼ੈਂਟਰ ਅਤੇ ਇੱਕ ਟੀ ਵੀ ਪ੍ਰੀਜ਼ੈਂਟਰ ਸਨ। ਉਹ ਬਰਤਾਨੀਆ ਦੇ ਕਈ ਇੱਕ ਰੇਡੀਓ ਸਟੇਸ਼ਨਾਂ ਅਤੇ ਟੀ ਵੀ ਚੈਨਲਾਂ ਨਾਲ ਬਾਵਸਤਾ ਰਹੇ। ਉਹ ਸਨਰਾਈਜ਼ ਰੇਡੀਓ ਦੇ ਪੰਜਾਬੀ ਵਿਭਾਗ ਦੇ ਨਿਊਜ਼ ਐਡੀਟਰ ਕਈ ਸਾਲਾਂ ਤੱਕ ਰਹੇ। ਉਹ ਇਕ ਵਿਚਾਰ-ਵਟਾਂਦਰੇ ਦਾ ਪ੍ਰੋਗਰਾਮ ਵੀ ਪੇਸ਼ ਕਰਿਆ ਕਰਦੇ ਸਨ, ਜੋ ਕਿ ਭਾਰਤੀ ਅਤੇ ਪਾਕਿਸਤਾਨੀ ਸਰੋਤਿਆਂ ਵਿੱਚ ਬਹੁਤ ਹਰਮਨ ਪਿਆਰਾ ਸੀ। ਉਹ ਭਖਦੇ ਮਸਲਿਆਂ ਨੂੰ ਲੈ ਕੇ ਸਰੋਤਿਆਂ ਨੂੰ ਬਹਿਸਾਂ ਵਿੱਚ ਖਿੱਚ ਲੈਂਦੇ ਸਨ ਅਤੇ ਬੜੇ ਹੀ ਸੰਤੁਲਤ ਤਰੀਕੇ ਨਾਲ ਵਿਚਾਰ-ਵਟਾਂਦਰੇ ਦੀ ਕਮਾਨ ਸੰਭਾਲਦੇ ਸਨ।

ਰੇਡੀਓ ਦੀ ਤਰ੍ਹਾਂ ਸਾਥੀ ਹੁਰਾਂ ਨੇ ਟੀ ਵੀ ਦੇ ਕਈ ਇੱਕ ਚੈਨਲਾਂ ਰਾਹੀਂ ਸਰੋਤਿਆਂ ਦਾ ਮਨੋਰੰਜਨ ਕੀਤਾ ਅਤੇ ਉਹਨਾਂ ਨੂੰ ਭਖਦੇ ਮਸਲਿਆਂ ਸੰਬੰਧੀ ਜਾਣਕਾਰੀ ਦਿੱਤੀ। ਰੇਡੀਓ ਅਤੇ ਟੀ ਵੀ ਉੱਪਰ ਭਖਦੇ ਮਸਲਿਆਂ ਨਾਲ ਸਫਲਤਾ ਨਾਲ ਨਜਿੱਠਣ ਲਈ ਪ੍ਰੀਜ਼ੈਂਟਰ ਕੋਲ ਗਿਆਨ ਅਤੇ ਕਸਬ ਹੋਣ ਦੀ ਜ਼ਰੂਰਤ ਹੁੰਦੀ ਹੈ। ਸਾਥੀ ਹੁਰਾਂ ਕੋਲ ਇਹ ਹੈ ਸੀ। ਯਸ਼ ਸਾਥੀ ਅਤੇ ਨਵੀਨ ਸਾਥੀ ਦਾ ਦੱਸਣਾ ਹੈ ਕਿ ਸਾਥੀ ਹੁਰੀਂ ਘੰਟਿਆਂ ਬੱਧੀ ਅਖ਼ਬਾਰ ਅਤੇ ਕਿਤਾਬਾਂ ਪੜ੍ਹਦੇ ਸਨ ਅਤੇ ਹੋਰ ਟੀ ਵੀ ਚੈਨਲਾਂ ਉੱਪਰ ਨਜ਼ਰ ਰੱਖਦੇ ਸਨ। ਮਸਲਿਆਂ ਬਾਰੇ ਲੈਸ ਹੋ ਕੇ ਉਹ ਸਰੋਤਿਆਂ ਸਾਹਮਣੇ ਪੇਸ਼ ਹੁੰਦੇ ਸਨ।

ਸਾਥੀ ਲੁਧਿਆਣਵੀ ਦੀ ਝੋਲੀ ਵਿੱਚ ਅਨੇਕਾਂ ਇਨਾਮ/ਐਵਾਰਡ ਪਏ। ਇਹ ਉਹਨਾ ਦੀਆਂ ਸਾਹਿਤਕ ਪ੍ਰਾਪਤੀਆਂ, ਪ੍ਰਿੰਟ ਮੀਡੀਏ ਵਿੱਚ ਯੋਗਦਾਨ, ਰੇਡੀਓ ਅਤੇ ਟੀ ਵੀ ਪ੍ਰੀਜ਼ੈਂਟੇਸ਼ਨ ਦੇ ਕੰਮਾਂ ਦੇ ਸਤਿਕਾਰ ਵਿੱਚ ਮਿਲੇ। ਇਹਨਾਂ ਇਨਾਮਾਂ ਦੀ ਲਿਸਟ ਬੜੀ ਲੰਮੀ ਹੈ। ਕੁਝ ਇੱਕ ਇਨਾਮਾਂ ਦਾ ਵਰਣਨ ਜ਼ਰੂਰੀ ਹੈ। 29 ਅਕਤੂਬਰ 2009 ਨੂੰ ਯੂਨੀਵਰਸਿਟੀ ਆਫ ਈਸਟ ਲੰਡਨ ਨੇ ਆਨਰੇਰੀ ਡਾਕਟਰੇਟ ਦੀ ਉਪਾਧੀ ਪ੍ਰਦਾਨ ਕੀਤੀ।

ਸੰਨ 1985 ਵਿੱਚ ਪੰਜਾਬ ਸਰਕਾਰ ਦੇ ਪੰਜਾਬੀ ਭਾਸ਼ਾ ਵਿਭਾਗ ਵੱਲੋਂ ਉਹਨਾਂ ਨੂੰ ਸਾਹਿਤ ਸ਼੍ਰੋਮਣੀ ਐਵਾਰਡ ਨਾਲ ਨਿਵਾਜਿਆ ਗਿਆ। ਬਹੁਤ ਸਾਰੇ ਇਨਾਮ ਉਹਨਾਂ ਨੂੰ ਦੁਨੀਆ ਭਰ ਦੇ ਵੱਖ-ਵੱਖ ਅਦਾਰਿਆਂ ਵੱਲੋਂ ਪ੍ਰਦਾਨ ਕੀਤੇ ਗਏ।

ਸਾਥੀ ਹੁਰਾਂ ਦੀ ਪੁਸਤਕ 'ਸਮੁੰਦਰੋਂ ਪਾਰ' ਬਰਤਾਨੀਆ ਵਿੱਚ ਏ-ਲੈਵਲ ਦੇ ਵਿਦਿਆਰਥੀਆਂ ਦੇ ਸਿਲੇਬਸ ਵਿੱਚ 1994 ਤੋਂ 1996 ਤੱਕ ਲੱਗੀ ਰਹੀ। ਉਹ ਬਰਤਾਨੀਆ ਅਤੇ ਦੁਨੀਆ ਦੇ ਹੋਰ ਮੁਲਕਾਂ ਵਿੱਚ ਹੁੰਦੇ ਪੰਜਾਬੀ ਦੇ ਸਾਹਿਤਕ ਸਮਾਗਮਾਂ ਵਿੱਚ ਹੁੰਮਹੁਮਾ ਕੇ ਭਾਗ ਲੈਂਦੇ ਰਹੇ। ਸਾਹਿਤਕ ਸਭਾਵਾਂ ਦੇ ਅਹੁਦੇਦਾਰ ਰਹੇ, ਉਹਨਾਂ ਨੇ ਕਾਨਫਰੰਸਾਂ ਲਈ ਪਰਚੇ ਵੀ ਲਿਖੇ, ਜੋ ਹਮੇਸ਼ਾ ਚਰਚਾ ਦਾ ਸਬੱਬ ਰਹੇ। ਉਹ ਪ੍ਰਗਤੀਸ਼ੀਲ ਲਿਖਾਰੀ ਸਭਾ ਅਤੇ ਪੰਜਾਬੀ ਸਾਹਿਤ ਸੰਗਮ ਦੇ ਸਕੱਤਰ ਸਨ। ਉਹ ਪੰਜਾਬੀ ਸਾਹਿਤ ਕਲਾ ਕੇਂਦਰ ਯੂ ਕੇ ਦੇ ਪ੍ਰਧਾਨ ਸਨ। ਉਹ ਪੰਜਾਬੀ ਸਾਹਿਤਕ ਕਾਨਫਰੰਸਾਂ ਅਤੇ ਮੁਸ਼ਾਇਰਿਆਂ ਦਾ ਸ਼ਿੰਗਾਰ ਸਨ। ਉਹ ਲਿਖਣ ਅਤੇ ਸਾਹਿਤਕ ਸਮਾਗਮਾਂ ਵਿੱਚ ਭਾਗ ਲੈਣ ਦੇ ਮਾਮਲੇ ਵਿੱਚ ਰਤਾ ਵੀ ਸੁਸਤ ਨਹੀਂ ਸਨ, ਸਗੋਂ ਬੜੇ ਚਾਅ ਅਤੇ ਉਤਸ਼ਾਹ ਨਾਲ ਸਮਾਗਮਾਂ ਦੀ ਰੌਣਕ ਵਧਾਉਂਦੇ ਸਨ। ਕਾਬਲੇ-ਗੌਰ ਗੱਲ ਇਹ ਵੀ ਹੈ ਕਿ ਹਮੇਸ਼ਾ ਆਪਣੀ ਧਰਮ ਪਤਨੀ ਯਸ਼ ਸਾਥੀ ਨੂੰ ਹਰ ਮਹਿਫਲ ਵਿੱਚ ਆਪਣੇ ਨਾਲ ਲਿਜਾਂਦੇ ਸਨ। ਮੈਂ ਕਦੀ ਵੀ ਸਾਥੀ ਹੁਰਾਂ ਨੂੰ ਇਕੱਲਿਆਂ ਕਿਸੇ ਪ੍ਰੋਗਰਾਮ ਵਿੱਚ ਭਾਗ ਲੈਂਦੇ ਨਹੀਂ ਸੀ ਦੇਖਿਆ।

ਸਾਥੀ ਲੁਧਿਆਣਵੀ ਦੀ ਪੰਜਾਬੀ ਸਾਹਿਤ, ਪੱਤਰਕਾਰੀ, ਰੇਡੀਓ ਤੇ ਟੀ ਵੀ ਬਰੌਡਕਾਸਟਿੰਗ ਦੇ ਖੇਤਰ ਵਿੱਚ ਦੇਣ ਨੂੰ ਨਾਪਣਾ-ਤੋਲਣਾ ਅਤੇ ਮਿਣਨਾ ਬਹੁਤ ਮੁਸ਼ਕਲ ਹੈ। ਸਾਥੀ ਹੁਰੀਂ ਜ਼ਿਆਦਾਤਰ ਗਜ਼ਲਗੋ ਦੇ ਤੌਰ 'ਤੇ ਜਾਣੇ ਜਾਂਦੇ ਸਨ, ਪਰ ਕਹਾਣੀ, ਨਾਵਲ ਅਤੇ ਵਾਰਤਕ ਦੇ ਖੇਤਰ ਵਿੱਚ ਉਹਨਾਂ ਦੀ ਦੇਣ ਲਾਸਾਨੀ ਹੈ।

ਉਹ ਬਹੁਤ ਖੁੱਭ ਕੇ ਅਤੇ ਮਿਹਨਤ ਨਾਲ ਆਪਣਾ ਕੰਮ ਕਰਦੇ ਸਨ। ਪੰਜਾਬੀ ਲੇਖਕ ਜਗਤ ਵਿੱਚ ਚੱਲਦੀ ਖਹਿਬਾਜ਼ੀ ਉਹਨਾਂ ਦੀ ਵਰਤੋਂ/ਵਿਹਾਰ ਵਿੱਚ ਵਿਘਨ ਨਹੀਂ ਸੀ ਬਣਦੀ। ਉਹ ਵੱਖਰੇ-ਵੱਖਰੇ ਖੇਤਰਾਂ ਵਿੱਚ ਕੰਮ ਕਰਨ ਵਾਲੇ ਅਤੇ ਵੱਖਰੇ-ਵੱਖਰੇ ਵਿਚਾਰ ਰੱਖਣ ਵਾਲੇ ਬੰਦਿਆਂ ਨੂੰ ਆਪਣੇ ਪ੍ਰੋਗਰਾਮਾਂ ਨਾਲ ਜੋੜਦੇ ਸਨ।

ਸਾਥੀ ਮਹਿਫਲਾਂ ਦੀ ਰੌਣਕ ਅਤੇ ਜਿੰਦ-ਜਾਨ ਸਨ। ਸੁਭਾਅ ਨਰਮ ਤੇ ਹੱਸਮੁੱਖ। ਹੱਸਣਾ ਤਾਂ ਖ਼ੂਬ ਖੁੱਲ੍ਹ ਕੇ ਭਾਵੇਂ ਮਹਿਫਲ ਹੋਏ ਜਾਂ ਭਾਵੇਂ ਰੇਡੀਓ/ਟੈਲੀਵੀਜ਼ਨ। ਸਾਹਿਤ ਰਚਣ ਤੇ ਪੜ੍ਹਨ ਦੇ ਖੇਤਰ ਵਿੱਚ ਉਹਨਾਂ ਨਿੱਠ ਕੇ ਕੰਮ ਕੀਤਾ। ਉਹਨਾਂ ਦਾ ਨਵਾਂ/ਆਖਰੀ ਨਾਵਲ 'ਸਾਹਿਲ' ਉਹਨਾਂ ਦੀ ਬਿਮਾਰੀ ਦੌਰਾਨ ਹੀ ਛਪ ਕੇ ਆ ਗਿਆ ਸੀ। ਇਸ ਨਾਵਲ ਦਾ ਵਿਮੋਚਨ ਕਰਨ ਦੇ ਉਤਸੁਕ ਸਨ। ਆਪਣੇ ਬੇਟੇ ਨਵੀਨ ਕੋਲ ਸਿਆਟਲ ਵਿੱਚ ਅਕਸਰ ਜਾਂਦੇ ਸਨ। ਲੱਗਦਾ ਸੀ ਉਹਨਾਂ ਦੀ ਦੂਜੀ ਰਿਹਾਇਸ਼ ਸਿਆਟਲ ਹੈ। ਉਹ ਸਿਆਟਲ ਵਿੱਚ ਇੱਕ ਰੇਡੀਓ ਸਟੇਸ਼ਨ ਕਾਇਮ ਕਰਨ ਦੇ ਪ੍ਰਾਜੈਕਟ 'ਤੇ ਵੀ ਕੰਮ ਕਰ ਰਹੇ ਸਨ।

ਬਰਤਾਨੀਆ ਵਿੱਚ ਸੁਨਹਿਰੇ ਭਵਿੱਖ ਦੀ ਤਲਾਸ਼ ਵਿੱਚ ਆਏ ਪੰਜਾਬੀਆਂ ਦੀ ਜ਼ਿੰਦਗੀ ਬਾਰੇ ਇੱਕ ਪੱਖ ਇਹ ਵੀ ਹੈ ਕਿ ਬਹੁਤ ਸਾਰਿਆਂ ਨੇ ਬਹੁਤ ਸਾਰੇ ਪੈਸੇ ਕਮਾ ਲਏ ਹਨ। ਜ਼ਿੰਦਗੀ ਆਰਥਿਕ ਪੱਖੋਂ ਸੁਖਾਲੀ ਕਰ ਲਈ ਹੈ, ਪਰ ਬਹੁਤ ਸਾਰੇ ਆਪਣੇ ਟੱਬਰਾਂ/ਬੱਚਿਆਂ ਤੋਂ ਦੂਰ ਹੋ ਗਏ ਹਨ। ਕਈਆਂ ਨੇ ਆਪਣੀਆਂ ਔਲਾਦਾਂ ਖੋਹ ਲਈਆਂ ਹਨ। ਸਾਥੀ ਹੁਰੀਂ ਇਸ ਪੱਖੋਂ ਖੁਸ਼ਕਿਸਮਤ ਸਨ ਕਿ ਉਹਨਾਂ ਨੂੰ ਇੱਕ ਨਿੱਘਾ, ਕੇਅਰਿੰਗ ਅਤੇ ਮੁਹੱਬਤੀ ਪਰਵਾਰ ਮਿਲਿਆ। ਉਹਨਾ ਦੀ ਧਰਮ ਪਤਨੀ ਯਸ਼ ਨੇ ਹਮੇਸ਼ਾ ਇੱਕ ਸਹਾਈ ਹਮਸਫਰ ਦੀ ਭੂਮਿਕਾ ਨਿਭਾਈ। ਉਹਨਾ ਦਾ ਬੇਟਾ ਨਵੀਨ ਪਿਛਲੇ ਸਾਲ 11 ਵਾਰੀ ਅਮਰੀਕਾ ਤੋਂ ਆਪਣੇ ਪਿਤਾ ਨਾਲ ਸਮਾਂ ਬਿਤਾਉਣ ਅਤੇ ਉਹਦਾ ਪਤਾ ਸਾਰ ਲੈਣ ਲਈ ਆਇਆ। ਯਸ਼ ਸਾਥੀ ਨੇ ਸਾਥੀ ਹੁਰਾਂ ਦੀ ਸੰਭਾਲ ਕਰਨ ਵਿੱਚ ਕੋਈ ਕਮੀ ਨਹੀਂ ਰਹਿਣ ਦਿੱਤੀ।

ਕਵੀ ਚਮਨ ਲਾਲ ਚਮਨ ਹੁਰਾਂ ਸਾਥੀ ਨੂੰ ਸ਼ਰਧਾਂਜਲੀ ਦਿੰਦਿਆਂ ਆਖਿਆ ਹੈ ਕਿ ਮੈਂ ਉਹਨਾਂ ਦੇ ਜਾਣ ਬਾਅਦ ਉਹਨਾਂ ਦੀਆਂ ਪ੍ਰਾਪਤੀਆਂ ਨੂੰ ਹੋਰ ਵੀ ਸ਼ਿੱਦਤ ਨਾਲ ਯਾਦ ਕਰ ਰਿਹਾ ਹਾਂ। ਸਾਥੀ ਬਹੁਤ ਕਾਹਲੀ ਕਰਨ ਵਾਲਾ ਸ਼ਖ਼ਸ ਸੀ। ਉਹ ਚਲਾ ਵੀ ਕਾਹਲੀ-ਕਾਹਲੀ 'ਚ ਹੀ ਗਿਆ ਹੈ। ਉਹ ਗਜ਼ਲ ਦਾ ਧਨੀ ਸੀ, ਪਰ ਉਸ ਦੀ ਵਾਰਤਕ ਵੀ ਮਿਕਨਾਤੀਸੀ ਸੀ। ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਮੁਤਾਬਕ ਸਾਥੀ ਦੀ ਵਾਰਤਕ ਕਥਾਰਸ ਨਾਲ ਲਬਰੇਜ਼ ਸੀ। ਮੈਨੂੰ ਸਾਥੀ ਦਾ ਸਾਥ ਹਮੇਸ਼ਾ ਯਾਦ ਰਹੇਗਾ।

ਸਾਥੀ ਹੁਰੀਂ ਏਸ਼ੀਆਈ ਭਾਈਚਾਰੇ ਵਿੱਚ ਕਿੰਨੇ ਹਰਮਨ ਪਿਆਰੇ ਸਨ, ਇਸ ਦਾ ਪਤਾ ਉਹਨਾਂ ਨੂੰ ਹਸਪਤਾਲ ਵਿੱਚ ਮਿਲਣ ਆਏ ਮਿੱਤਰ-ਪਿਆਰਿਆਂ ਤੇ ਪ੍ਰਸ਼ੰਸਕਾਂ ਦੇ ਸ਼ੁਮਾਰ ਤੋਂ ਸਹਿਜੇ ਹੀ ਲੱਗਦਾ ਸੀ। ਅਣ-ਗਿਣਤ ਸਨੇਹੀ ਸਾਥੀ ਹੁਰਾਂ ਦੇ ਪਰਵਾਰ ਨਾਲ ਦੁੱਖ ਸਾਂਝਾ ਕਰਨ ਲਈ ਉਹਨਾਂ ਦੇ ਰਾਏ ਸਲਿੱਪ ਵਾਲੇ ਘਰ ਵਿੱਚ ਵੀ ਪਧਾਰੇ।

ਸਾਥੀ ਹੁਰਾਂ ਦੇ ਜਾਣ ਨਾਲ ਬਰਤਾਨੀਆ ਦੇ ਪੰਜਾਬੀ ਸਾਹਿਤਕ ਪਿੜ ਵਿੱਚ, ਰੇਡੀਓ ਅਤੇ ਟੀ ਵੀ ਬਰੌਡਕਾਸਟਿੰਗ ਦੀ ਦੁਨੀਆ ਵਿੱਚ ਇੱਕ ਡਾਢਾ ਖਲਾਅ ਪੈ ਗਿਆ ਹੈ, ਜੋ ਪੂਰਾ ਹੋਣਾ ਮੁਸ਼ਕਲ ਹੈ।

---

# 'ਅਧਿਆਤਮਵਾਦ ਤੇ ਮਾਨਵਵਾਦ ਦਾ ਸੁਮੇਲ'

(ਸਫਾ 28 ਦੀ ਬਾਕੀ)

ਪਾਰਬ੍ਰਹਮ ਨੂੰ ਹੀ ਆਪਣਾ ਗੁਰੂ ਮੰਨਿਆ। ਉਨ੍ਹਾਂ ਨੇ ਆਪਣੀ ਦਾਰਸ਼ਨਿਕਤਾ ਨਾਲ ਇਸ 'ਭਗਤੀ ਲਹਿਰ' ਨੂੰ 'ਲੋਕ ਲਹਿਰ' ਤੋਂ ਵੀ ਅੱਗੇ 'ਸ਼ਕਤੀ ਲਹਿਰ' ਵਿਚ ਬਦਲ ਦਿੱਤਾ। ਉਹ ਅਛੂਤ ਤੇ ਸ਼ੂਦਰ ਲੋਕ ਜਿਹਨਾਂ ਨੂੰ ਰੱਬ ਦੀ ਭਗਤੀ ਤੇ ਉਪਾਸਨਾ ਕਰਨ ਦਾ ਅਧਿਕਾਰ ਨਹੀਂ ਸੀ ਤੇ ਸਦੀਆਂ ਤੋਂ ਇਸ ਅਧਿਕਾਰ 'ਤੇ 'ਬ੍ਰਾਹਮਣਵਾਦ' ਦਾ ਏਕਾ ਅਧਿਕਾਰ ਸੀ, ਨੂੰ ਤੋੜ ਦਿੱਤਾ ਤੇ ਇਹ ਸਾਬਤ ਕਰ ਦਿੱਤਾ ਕਿ 'ਪ੍ਰੇਮਾ ਭਗਤੀ' ਦਾ ਅੰਮ੍ਰਿਤ ਰਸ ਚੱਖਣ ਦਾ ਹੱਕ ਕਿਸੇ ਵਿਸ਼ੇਸ਼ ਜਾਤੀ ਜਾਂ ਵਰਗ ਦਾ ਨਹੀਂ ਹੈ। ਜਗਿਆਸੂ ਭਾਵੇਂ ਕਿਸੇ ਵੀ ਜਾਤ ਵਿਚੋਂ ਹੋਵੇ, ਉਸ ਵਿਚ ਰੂਹਾਨੀ ਚੇਤਨਾ ਜਾਗੀ ਹੋਵੇ, ਸਾਧਨਾਂ ਕਰਕੇ ਹਰ ਜਾਤੀ ਦਾ ਮਨੁੱਖ ਅਤੇ ਜਾਤੀ, ਉੱਚੇ ਤੋਂ ਉੱਚੇ ਸਨਮਾਨ ਵਾਲੀ ਪਦਵੀ ਤੇ ਆਪਣੇ 'ਸੁਤੰਤਰ ਚਿੰਤਨ' ਨਾਲ ਪਹੁੰਚ ਸਕਦਾ ਹੈ।

ਸਤਿਗੁਰੂ ਰਵਿਦਾਸ ਜੀ ਜਾਤ-ਪਾਤ ਤੇ ਛੂਤ-ਛਾਤ ਦਾ ਰੱਜ ਕੇ ਵਿਰੋਧ ਕਰਦੇ ਹਨ ਤੇ 'ਸਮਾਜਿਕ ਬਰਾਬਰੀ' ਦਾ ਹੱਕ ਲੈਣ ਨਹੀਂ ਬ੍ਰਾਹਮਣਵਾਦ ਤੇ ਹੋਰ ਜਾਤੀ ਅਭਿਮਾਨੀਆਂ ਨੂੰ ਲਲਕਾਰਦੇ ਹਨ। ਅੰਧ-ਵਿਸ਼ਵਾਸਾਂ, ਕਰਮ ਕਾਂਡਾਂ ਤੇ ਸਮਾਜਿਕ ਕੁਰੀਤੀਆਂ ਦਾ ਵੀ ਵਿਰੋਧ ਕਰਦੇ ਹਨ। ਮਾਨਵਤਾ ਨੂੰ ਉਸ ਪਾਰਬ੍ਰਹਮ ਦੀ ਪ੍ਰਾਪਤੀ ਲਈ 'ਸੁਤੰਤਰ ਚਿੰਤਨ' ਦਾ ਸਿਧਾਂਤ ਵੀ ਦਿੰਦੇ ਹਨ ਤੇ ਇਹ ਵੀ ਆਖਦੇ ਹਨ ਕਿ ਇਸ ਲਈ ਕਿਸੇ ਉੱਚ ਜਾਤੀ ਦੇ ਰਹਿਬਰ ਦੀ ਵਿਚੋਲਗੀ ਦੀ ਜ਼ਰੂਰਤ ਨਹੀਂ ਹੈ। ਉਨ੍ਹਾਂ ਦੇ ਜੀਵਨ ਨਾਲ ਕਈ ਕਰਾਮਾਤਾਂ ਵੀ ਜੁੜੀਆਂ ਹੋਈਆਂ ਹਨ, ਜਿਹੜੀਆਂ ਕਿ ਕੇਵਲ ਮਿੱਥਾਂ ਹੀ ਹਨ, ਜਿਹਨਾਂ ਨੂੰ ਅਜੋਕੇ ਵਿਗਿਆਨਕ ਯੁੱਗ ਵਿਚ ਯਥਾਰਥਵਾਦੀ ਨਹੀਂ ਮੰਨਿਆ ਜਾ ਸਕਦਾ। ਇਹ ਕਰਾਮਾਤਾਂ ਸਿਰਫ਼ ਉਨ੍ਹਾਂ ਦੇ ਸ਼ਰਧਾਲੂਆਂ ਦੀਆਂ ਹੀ ਜੋੜੀਆਂ ਹੋ ਸਕਦੀਆਂ ਹਨ। ਉਨ੍ਹਾਂ ਦਾ 'ਮਾਨਵਵਾਦ' 'ਬੇਗਮਪੁਰਾ ਦੇ ਸੰਕਲਪ' ਨਾਲ ਮਨੁੱਖ ਨੂੰ ਮਾਨਵਵਾਦ ਦਾ ਸੰਦੇਸ਼ ਦੇ ਕੇ, ਸਿਖਰਾਂ 'ਤੇ ਪਹੁੰਚ ਜਾਂਦਾ ਹੈ।

ਸਿੱਖ ਗੁਰੂ ਸਾਹਿਬਾਨ ਜੀ ਨੇ ਸਤਿਗੁਰੂ ਰਵਿਦਾਸ ਜੀ ਦੀ ਬਾਣੀ ਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਕਰਕੇ ਨਿਵਾਜਿਆ ਤੇ ਗੁਰਮਤਿ ਦੇ ਸਿਧਾਂਤਾਂ ਅਨੁਸਾਰ 'ਸ਼ਬਦ ਗੁਰੂ' ਦਾ ਰੁਤਬਾ ਦਿੱਤਾ। ਇਸ ਨਾਲ 'ਸਮਾਜਿਕ ਬਰਾਬਰੀ', 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਤੇ 'ਸਰਬੱਤ ਦਾ ਭਲਾ' ਜੋ ਗੁਰਮਤਿ ਦੇ 'ਕੌਮਾਂਤਰੀ ਸਿਧਾਂਤ' ਹਨ ਤੇ ਮੋਹਰ ਲੱਗਦੀ ਹੈ। ਇਸ ਤਰ੍ਹਾਂ 'ਗੁਰਮਤਿ ਦੇ ਸਿਧਾਂਤਾਂ' ਦੀਆਂ ਜੜ੍ਹਾਂ ਨੂੰ ਬੜੇ ਸਪਸ਼ਟ ਰੂਪ ਵਿਚ 'ਭਗਤੀ ਲਹਿਰ' ਵਿਚ ਦੇਖਿਆ ਜਾ ਸਕਦਾ ਹੈ। ਸਤਿਗੁਰੂ ਰਵਿਦਾਸ ਜੀ ਦੀਆਂ ਮਾਨਵਤਾ ਨੂੰ ਦਿੱਤੀਆਂ ਸਿੱਖਿਆਵਾਂ ਤੇ 'ਜੀਵਨ ਜਾਚ ਦੇ ਸਿਧਾਂਤ' ਸਦਾ ਮਾਨਵਤਾ ਨਹੀਂ ਪ੍ਰੇਰਨਾ ਸਰੋਤ ਬਣੇ ਰਹਿਣਗੇ। ਅੱਜ ਉਨ੍ਹਾਂ ਦੇ 642ਵੇਂ ਜਨਮ ਦਿਨ 'ਤੇ ਸਮੁੱਚੀ ਮਾਨਵਤਾ ਨੂੰ ਲੱਖ-ਲੱਖ ਵਧਾਈ ਹੋਵੇ ਜੀ।

## ਫੌਜੀ

ਮੈਂ ਤਾਂ ਖ਼ਬਰ ਵੇ ਸੁਣੀ ਹੋਈ ਸੁਣਕੇ ਹੈਰਾਨ
ਹੋਇਆ ਹਮਲਾ ਤੇ ਮਾਰੇ ਗਏ ਫੌਜੀ ਤਾਂ ਜਵਾਨ
ਛੁੱਟੀ ਕੱਟ ਲਈ ਫੇਰ ਹੋਇਆ ਵੱਡਾ ਨੁਕਸਾਨ
ਤਾਰ ਸਾਹਿਬ ਨੇ ਤਾਂ ਪਾਈ ਲੱਗ ਜਾਣੀ ਹੈ ਲੜਾਈ
ਆਜਾ ਛੱਡ ਕੇ ਵਿਚਾਲੇ ਕੰਮਕਾਰ ਫੌਜੀਆ
ਤੂੰ ਸਾਡਾ ਫਿਕਰ ਨਾ ਕਰ ਕੋਈ ਸੋਹਣਿਆ
ਜਾ ਕੇ ਚੱਕ ਲੈ ਤੂੰ ਹੁਣ ਹਥਿਆਰ ਫੌਜੀਆ।

ਸਾਡਾ ਚਾਰੇ ਪਾਸੇ ਵੈਰੀਆਂ ਨੇ ਦੇਸ਼ ਘੇਰਿਆ
ਰਾਖੀ ਰੱਖਣੀ ਤਾਂ ਪੈਣੀ ਹੁਣ ਚੰਨ ਮੇਰਿਆ
ਨਾ ਤੂੰ ਢਿੱਲ ਮਿੱਸ ਕਰ ਕਾਹਤੋਂ ਮੁੱਖ ਫੇਰਿਆ
ਨਵਾਂ ਵਰਤੀ ਸਟਾਈਲ ਛੱਡ ਦੇਵੀਂ ਤੂੰ ਮਿਜ਼ਾਇਲ
ਜਿਵੇਂ 'ਕੋਰੀਆ' ਮਚਾਈ ਹਾਹਾਕਾਰ ਫੌਜੀਆਂ
ਸਾਡਾ ਫਿਕਰ ਨਾ ਕਰ ਕੋਈ ਸੋਹਦਿਆ ਜਾ ਕੇ ...

ਭੁੱਖੇ ਮਰਦੇ ਤੇ ਸਾਡੇ ਘਰ ਅੱਗ ਕਿਵੇਂ ਲਾਉਂਦੇ
ਫਿਰ ਲੱਗੀ ਹੋਈ ਅੱਗ ਤਾਂ ਪੰਜਾਬੀ ਹੀ ਬੁਝਾਉਂਦੇ
ਪਿੱਛੋਂ ਸੁਣਦਾ ਨਾ ਕੋਈ ਨਾ ਹੱਸ ਕੇ ਬੁਲਾਉਂਦੇ
ਗੱਲ ਝੂਠ ਨਾ ਤਾਂ ਜਾਣੀ ਦੱਸਾਂ ਖੋਲ੍ਹ ਕੇ ਕਹਾਣੀ
ਪੁੱਤ ਪਰਖੇ ਪੰਜਾਬ ਦੇ ਕਈ ਵਾਰ ਫੌਜੀਆ
ਸਾਡਾ ਫਿਕਰ ਨਾ ਕਰ ਕੋਈ ਸੋਹਦਿਆ ਜਾ ਕੇ ...

ਉੱਠ ਚਾਹ ਪਾਣੀ ਪੀ ਤੇਰਾ ਬੰਨ੍ਹ ਤਾ ਸਮਾਨ
ਆਉਣੀ ਗੱਡੀ ਤੇ ਚੜ੍ਹਾ ਕੇ ਵੇਖ ਥੋੜੇ ਹੱਥ ਜਾਨ
ਕੰਨ ਖੋਲ੍ਹ ਕੇ ਤੂੰ ਸੁਣੀ ਤੇਰੀ ਕਹਿੰਦੀ ਕੀ ਰਕਾਨ
ਆਈ ਜਿੱਤ ਕੇ ਲੜਾਈ ਤੈਨੂੰ ਦੇਵਾਂਗੀ ਵਧਾਈ
'ਦੇਵ ਘੋਲੀਏ' ਦਾ ਵੇਖੀਂ ਪਾਉਂਦਾ ਹਾਰ ਫੌਜੀਆ
ਤੂੰ ਸਾਡਾ ਫਿਕਰ ਨਾ ਕਰ ਕੋਈ ਸੋਹਣਿਆ
ਜਾ ਕੇ ਚੱਕ ਲੈ ਤੂੰ ਹੁਣ ਹਥਿਆਰ ਫੌਜੀਆ।



- ਦੇਵ ਘੋਲੀਆ ਖੁਰਦ
(ਫਰਿਜ਼ਨੋ)
559-232-7764

# ਰਬਿੰਦਰ ਸ਼ਰਮਾ ਦੀਆਂ ਤਿੰਨ ਰਚਨਾਵਾਂ

## ਰਾਹਾਂ ਦੇ ਕੰਡਿਓ ਚੁਭਿਓ ਨਾ

ਰਾਹਾਂ ਦੇ ਕੰਡਿਓ ਚੁਭਿਓ ਨਾ
ਅਗੇ ਰਾਹ ਬੜਾ ਹੀ ਭਾਰੀ ਹੈ
ਨਿਬੇੜਿਆ ਤੁਰ ਅਸੀਂ ਪੈਂਡੇ ਨੂੰ
ਹੁਣ ਮੱਤ ਗਈ ਸਾਡੀ ਮਾਰੀ ਹੈ
ਜੋ ਤੁਰਦਿਆਂ ਸੂਲਾਂ ਚੁਭੀਆਂ ਨੇ
ਦਿਤੀ ਚੋਭ ਬੜੀ ਹੀ ਮਾੜੀ ਹੈ
ਤੁਰਿਆ ਔਖਾ ਹੋ-ਹੋ ਪੈਂਡੇ ਨੂੰ
ਡੂੰਘੇ ਦਰਦਾਂ ਹਿੱਕ ਵੀ ਸਾੜੀ ਹੈ
ਅਸੀਂ ਵੇਖ-ਵੇਖ ਪੈਰ ਧਰਿਆ ਸੀ
ਤੁਸੀਂ ਲੁਕ- ਲੁਕ ਬਿੰਨੀ ਨਾੜੀ ਹੈ
ਸਾਡਾ ਤੁਰਨਾ ਕੀਤਾ ਔਖਾ ਹੈ
ਕਿਹੜੀ ਸੀਨੇ ਵਿਚ ਖ਼ੁਮਾਰੀ ਹੈ
ਰਾਹਾਂ ਦੇ ਕੰਡਿਓ ਚੁਭਿਓ ਨਾ
ਅੱਗੇ ਰਾਹ ਬੜਾ ਹੀ ਭਾਰੀ ਹੈ ।

ਉਹ ਦੂਰ ਦੁਰਾਡੀ ਮੰਜਿਲ ਦੇ
ਰਾਹਾਂ ਤੇ ਹੈ ਅਸੀਂ ਤੁਰ ਜਾਣਾ
ਕਈ ਜੰਗਲ, ਜੂਹਾਂ ਲੰਘਣੇ ਨੇ
ਕਈਆਂ ਤੋਂ ਪਾਸੇ ਮੁੜ ਜਾਣਾ
ਕੁਝ ਪਰਬਤ ਉਚੇ ਆਉਣੇ ਨੇ
ਕਿਤੇ ਰਸਤੇ ਨੇ ਹੀ ਖੁਰ ਜਾਣਾ
ਪੈਣਾ ਕੋਈ ਡੂੰਘਾ ਸਾਗਰ ਵੀ
ਪਾਰ ਹੈ ਇਸ ਤੋਂ ਤਰ ਜਾਣਾ
ਇਸ ਮੰਜਿਲ ਦੇ ਕਈ ਸੰਗੀ ਨੇ
ਕਈ ਰਾਹਾਂ ਤੋਂ ਆ ਜੁੜ ਜਾਣਾ
ਰੁਕੇ ਨਾ ਇਹ ਪੈਰ ਬੇੜੀਆਂ ਤੋਂ
ਲੱਗੀ ਮੌਤ ਦੇ ਨਾਲ ਯਾਰੀ ਹੈ
ਰਾਹਾਂ ਦੇ ਕੰਡਿਓ ਚੁਭਿਓ ਨਾ
ਅੱਗੇ ਰਾਹ ਬੜਾ ਹੀ ਭਾਰੀ ਹੈ ।



ਰਬਿੰਦਰ ਸ਼ਰਮਾ

ਤੁਸੀਂ ਲਾਂਭੇ ਹੋ ਜਾਓ ਰਾਹਾਂ ਤੋਂ
ਨਹੀਂ ਸ਼ਿਕਵੇ ਦਿਲ ਦੇ ਤੋੜ ਦੇਣੇ
ਸਾਡੇ ਪੈਰਾਂ ਤੇ ਪਏ ਰਟਨਾਂ ਨੇ
ਸਿਰ ਤੁਹਾਡੇ ਹੁਣ ਮਰੋੜ ਦੇਣੇ
ਮੂੰਹ ਜੰਮਦਿਆਂ ਦੇ ਜੋ ਤਿਖੇ ਨੇ
ਵਿਚ ਮਿਟੀ ਦੇ ਇਹ ਭੋਰ ਦੇਣੇ
ਬਚ ਜਿਓ ਹੁਣ ਖ਼ੈਰ ਨਹੀਂ
ਇਨ੍ਹਾਂ ਮਿਟੀ ਵਿਚ ਘਸੋੜ ਦੇਣੇ
ਫ਼ਸ ਗਏ ਜੋ ਵਿਚ ਰਟਨਾਂ ਦੇ
ਕੱਢ ਸਾਗਰ ਦੇ ਵਿਚ ਰੋੜ ਦੇਣੇ
ਹੀਲਾ ਜੋ ਕਰਨਾ ਕਰ ਲਈਓ
ਹੁਣ ਮੁੱਕੀ ਤੁਹਾਡੀ ਵਾਰੀ ਹੈ
ਰਾਹਾਂ ਦੇ ਕੰਡਿਓ ਚੁਭਿਓ ਨਾ
ਅੱਗੇ ਰਾਹ ਬੜਾ ਹੀ ਭਾਰੀ ਹੈ ।

## ਰਾਖੇ

ਖ਼ੁਆਬ ਨਾ ਮੁਕੇ ਜਿੰਦ ਸਾਡੀ ਦੇ ਜੀਵਨ ਜਾਵੇ ਮੁੱਕਿਆ ।
ਤੇਜ਼ ਕਟਾਰਾਂ ਲਾ ਬੇਕੱਦਰਾਂ ਸਾਨੂੰ ਰਾਖੇ ਬਣ ਕੇ ਲੁੱਟਿਆ।

ਰਾਖੇ ਬਣ ਮੇਰੇ ਦੇਸ਼ ਦੇ ਨੇਤਾ ਕਰਦੇ ਫਿਰਨ ਚਤੁਰਾਈਆਂ,
ਨਸ਼ਿਆਂ ਦੇ ਥਾਂ-ਥਾਂ ਜਾਲ ਵਿਛਾਏ ਦਿੰਦੇ ਫਿਰਨ ਸਫ਼ਾਈਆਂ ।
ਪੁੱਠੇ ਪਾਸੇ ਲਾਈ ਜਵਾਨੀ ਤਬਾਹ ਇਹਨੂੰ ਕਰ ਸੁੱਟਿਆ ,
ਤੇਜ਼ ਕਟਾਰਾਂ ਲਾ ਬੇਕੱਦਰਾਂ ਸਾਨੂੰ ਰਾਖੇ ਬਣ ਕੇ ਲੁੱਟਿਆ।

ਇਹ ਦੱਸਣ ਦੇਸ਼ ਦੇ ਸੇਵਕ ਪਰ ਕਰਦੇ ਨੇ ਧੰਦੇ ਕਾਲੇ ਅੰਨੇ,
ਤੇਲ, ਕੋਲਾ, ਬੱਜਰੀ, ਸੀਮਿੰਟ, ਖਾ ਕੇ ਦੇਸ਼ ਨੂੰ ਲਾਇਆ ਬੰਨੇ ।
ਘੁੱਟਾਲੇ ਕਰ-ਕਰ ਦੌਲਤ ਲੁੱਟੀ, ਲਾਲਚਾਂ ਫਰ ਨਾ ਮੁੱਕਿਆ,
ਤੇਜ਼ ਕਟਾਰਾਂ ਲਾ ਬੇਕੱਦਰਾਂ ਸਾਨੂੰ ਰਾਖੇ ਬਣ ਕੇ ਲੁੱਟਿਆ।

ਗੁੱਡੀ ਆਪਣੀ ਚਾੜ ਅਸਮਾਨੀ ਰੋਜ਼ ਐਸਪ੍ਰਸਤੀ ਕਰਦੇ,
ਨਸ਼ੇ ਕੁਰਸੀ ਦੇ ਵਿਚ ਆਫਰੇ ਫਿਰਦੇ ਨਾਂ ਕਿਸੇ ਤੋਂ ਡਰਦੇ।
ਗੱਲ ਕਰੇ ਜੇ ਕੋਈ ਸੱਚੀ ਕੋਰੀ ਉਹ ਜਾਵੇ ਜੇਲੀਂ ਸੁੱਟਿਆ
ਤੇਜ਼ ਕਟਾਰਾਂ ਲਾ ਬੇਕੱਦਰਾਂ ਸਾਨੂੰ ਰਾਖੇ ਬਣ ਕੇ ਲੁੱਟਿਆ।

ਸੁਪਨੇਂ ਇਹਨਾ ਨੇ ਕੀਤੇ ਖੇਰੂੰ ਤੇ ਤੰਦ ਨਸੀਬਾਂ ਹੈ ਦੀ ਪਾਈ,
ਜਿਹਦਾ ਵੀ ਮੋਢਾ ਫੜਿਆ ਲੋਕੀਂ ਉਹਨੇ ਦਿਤੀ ਏ ਤਨਹਾਈ ।
ਫੈਲਾਈ ਨਫ਼ਰਤ ਜਾਤ, ਧਰਮਾਂ ਦੀ ਸਾਹ ਹੈ ਲੋਕਾਂ ਦਾ ਸੁੱਕਿਆ,
ਤੇਜ਼ ਕਟਾਰਾਂ ਲਾ ਬੇਕੱਦਰਾਂ ਸਾਨੂੰ ਰਾਖੇ ਬਣ ਕੇ ਲੁੱਟਿਆ।

ਝੂਠੇ ਵਾਅਦੇ ਕੀਤੇ ਵੋਟਾਂ ਵੇਲੇ ਪਰ ਕੋਈ ਨਾ ਸਿਰੇ ਚੜਾਏ,
ਜੀਵਨ ਹਾਂਡੀ ਉਬਲੀ ਜਾਏ ਨਾ ਆ ਦਰਦ ਹੀ ਇਹਨਾਂ ਵੰਡਾਏ ।
ਦੇਸ਼ ਦੇ ਰਾਖੇ ਹੀ ਠੱਗੀਆਂ ਕਰਦੇ ਦਮ ਜਾਵੇ ਹੁਣ ਘੁੱਟਿਆ,
ਤੇਜ਼ ਕਟਾਰਾਂ ਲਾ ਬੇਕੱਦਰਾਂ ਸਾਨੂੰ ਰਾਖੇ ਬਣ ਕੇ ਲੁੱਟਿਆ।

ਆਓ ਛੱਡ ਭੇਦ ਭਾਵ ਦਿਲਾਂ ਚੋਂ ਦੇਸ਼ ਲਈ ਅੱਲਖ ਜਗਾਈਏ ।
ਕਿਰਤ ਦੀ ਥਾਂ-ਥਾਂ ਪੂਜਾ ਹੋਵੇ ਨਾਂ ਹੱਕ ਛੱਡੀਏ ਨਾਂ ਹੱਕ ਖਾਈਏ ।
ਲੁੱਟ, ਜਬਰ ਵਿਰੁੱਧ ਉਠ ਖੜ ਜਾਓ ਜਿਵੇਂ ਹੁੰਦਾ ਲਾਵਾ ਫੁੱਟਿਆ,
ਤੇਜ਼ ਕਟਾਰਾਂ ਲਾ ਬੇਕੱਦਰਾਂ ਸਾਨੂੰ ਰਾਖੇ ਬਣ ਕੇ ਲੁੱਟਿਆ।

## ਹਾਣੀ

ਦਰਿਆ ਵਿਚ ਵਗਦਾ ਕੁਝ ਪਾਣੀ ਏ,
ਪਾਣੀ ਰੱਲ ਪਾਣੀ ਹਿੰਮਤ ਆਉਣੀ ਏ ।
ਨਾਂ ਰੁਕਣਾ ਫਿਰ ਪਾਣੀ ਵਿਚ ਰਾਹਾਂ ਦੇ,
ਜਦੋਂ ਆ ਮਿਲਿਆ ਹਾਣੀ ਨੂੰ ਹਾਣੀ ਏ ।

ਨਦੀਆ, ਨਾਲੇ ਆ ਕਈ ਮਿਲ ਜਾਣੇ
ਕਈ ਧੰਦੇ ਤਟ ਇਹਦੇ ਤੇ ਖਿਲ ਜਾਣੇ
ਬਣ ਡੈਮਾਂ ਰਾਂਹੀ ਬਿਜਲੀ ਆਉਣੀ ਏ
ਜਦੋਂ ਆ ਮਿਲਿਆ ਹਾਣੀ ਨੂੰ ਹਾਣੀ ਏ ।

ਨਾ ਹੀ ਚਲਣੋ ਬੇੜੀ ਇਥੇ ਰੁਕਣੀ ਏ,
ਨਾ ਲੱਗ ਇਹ ਕੰਢੇ ਵਲ ਝੁਕਣੀ ਏ।
ਆ ਕੇ ਲੋਕਾਂ ਇਥੇ ਮੌਜ ਮਨਾਉਣੀ ਏ,
ਜਦੋਂ ਆ ਮਿਲਿਆ ਹਾਣੀ ਨੂੰ ਹਾਣੀ ਏ ।

ਨਾ ਸਿਪੀਆਂ, ਘੋਗੇ, ਮਛੀਆਂ ਮੁੱਕਣੇ ਨੇ,
ਨਾਂ ਹੀ ਨਹਿਰਾਂ ਲਈ ਪਾਣੀ ਸੁੱਕਣੇ ਨੇ ।
ਰਹਿਣੀ ਹਰੀ-ਭਰੀ ਖੇਤਾਂ ਦੀ ਰਾਣੀ ਏ,
ਜਦੋਂ ਆ ਮਿਲਿਆ ਹਾਣੀ ਨੂੰ ਹਾਣੀ ਏ ।

ਦਰਿਆ ਜਾ ਵਿਚ ਸਮੁੰਦਰ ਮਿਲਣਾ ਏ,
ਬਦਲਾਂ ਨੇ ਲੱਦ ਪਾਣੀ ਉਥੋਂ ਹਿਲਣਾ ਏ ।
ਉਨ੍ਹਾਂ ਲੈ ਪਾਣੀ ਥਾਂ-ਥਾਂ ਮੀਂਹ ਵਰਾਉਣੀ ਏ,
ਜਦੋ ਆ ਮਿਲਿਆ ਹਾਣੀ ਨੂੰ ਹਾਣੀ ਏ ।

ਜੀਵਨ ਵੀ ਹੈ ਵਗਦਾ ਦਰਿਆ ਯਾਰੋ,
ਘੜਨਾ ਪੈਂਦਾ ਆਪਣਾ-ਆਪਣਾ ਰਾਹ ਯਾਰੋ ।
ਰੱਲ ਵਿਚ ਸਮੁੰਦਰ ਸ਼ਾਨ ਬੰਨਾਉਣੀ ਏ,
ਜੱਦੋ ਆ ਮਿਲਿਆ ਹਾਣੀ ਨੂੰ ਹਾਣੀ ਏ ।

# ਪੰਜਾਬੀ ਪਰਦੇ 'ਤੇ ਨਵੇਂ ਮੁਕਾਮ ਸਿਰਜ ਰਿਹਾ 'ਰਣਜੀਤ ਬਾਵਾ'

ਹਰਜਿੰਦਰ ਸਿੰਘ ਜਵੰਦਾ 91-94638 28000

ਪੰਜਾਬੀ ਗਾਇਕੀ 'ਚ ਸਥਾਪਤੀ ਤੋਂ ਬਾਅਦ ਹੁਣ ਪੰਜਾਬੀ ਫ਼ਿਲਮਾਂ ਦੇ ਖੇਤਰ ਵਿੱਚ ਨਵੇਂ ਮੁਕਾਮ ਸਿਰਜਣ ਵਾਲਾ ਰਣਜੀਤ ਬਾਵਾ ਸਾਲ 2019 ਵਿੱਚ ਪੂਰੀ ਤਰਾਂ ਪੰਜਾਬੀ ਪਰਦੇ 'ਤੇ ਸਰਗਰਮ ਰਹੇਗਾ। ਇਸੇ ਮਹੀਨੇ ਉਸਦੀ ਜੱਸੀ ਗਿੱਲ ਅਤੇ ਨਿੰਜਾ ਨਾਲ ਇੱਕ ਵੱਡੇ ਬਜਟ ਦੀ ਫ਼ਿਲਮ 'ਹਾਈਐਂਡ ਯਾਰੀਆਂ' ਰਿਲੀਜ਼ ਹੋਵੇਗੀ। ਇਸ ਤੋਂ ਬਾਅਦ ਉਸਦੀ ਇੱਕ ਹੋਰ ਫ਼ਿਲਮ 'ਤਾਰਾ ਮੀਰਾ' ਵੀ ਰਿਲੀਜ਼ ਲਈ ਤਿਆਰ ਹੈ। ਰਣਜੀਤ ਬਾਵਾ ਪੰਜਾਬੀ ਗਾਇਕੀ ਵਿੱਚ ਸਥਾਪਤ ਹੋਣ ਮਗਰੋਂ ਹੀ ਫ਼ਿਲਮਾਂ ਵੱਲ ਆਇਆ। ਜ਼ਿਕਰਯੋਗ ਹੈ ਕਿ ਰਣਜੀਤ ਬਾਵਾ ਦੀ ਪਹਿਲੀ ਫ਼ਿਲਮ 1984 ਦੇ ਸਮਿਆਂ 'ਚ ਸਿੱਖ ਪੰਥ ਲਈ ਸ਼ਹੀਦ ਹੋਏ ਭਾਈ ਜਗਰਾਜ ਸਿੰਘ ਬਾਰੇ 'ਤੂਫ਼ਾਨ ਸਿੰਘ' ਸੀ ਜਿਸਨੂੰ ਸੈਂਸਰ ਬੋਰਡ ਵਲੋਂ ਪੰਜਾਬ ਵਿੱਚ ਰਿਲੀਜ਼ ਨਹੀ ਹੋਣ ਦਿੱਤਾ ਗਿਆ ਜਦਕਿ ਵਿਦੇਸ਼ਾ ਵਿੱਚ ਇਸ ਫ਼ਿਲਮ ਨੇ ਚੰਗੀ ਕਮਾਈ ਕੀਤੀ। 'ਜੱਟ ਦੀ ਅਕਲ' ਗੀਤ ਦੇ ਵੀਡਿਓ ਵਾਂਗ ਇਸ ਫ਼ਿਲਮ ਵਿਚ ਵੀ ਰਣਜੀਤ ਬਾਵਾ ਦਾ ਕਿਰਦਾਰ ਦੁਸ਼ਮਣਾਂ ਨੂੰ ਭਾਜੀ ਮੋੜਨ ਵਾਲਾ ਵਰਗਾ ਸੀ।

ਇਸ ਤੋਂ ਬਾਅਦ ਭਲਵਾਨ ਸਿੰਘ, ਖਿੱਦੋ ਖੂੰਡੀ ਫ਼ਿਲਮਾਂ ਨਾਲ ਰਣਜੀਤ ਬਾਵਾ ਸਰਗਰਮ ਰਿਹਾ ਪ੍ਰੰਤੂ ਪਿਛਲੇ ਸਾਲ ਆਈਆਂ 'ਵੇਖ ਬਰਾਤਾਂ ਚੱਲੀਆਂ, ਮਿਸਟਰ ਐਂਡ ਮਿਸ਼ਿਜ 420' ਨਾਲ 'ਬਾਵਾ' ਇੱਕ ਨਵੇਂ ਅੰਦਾਜ ਵਿੱਚ ਪੰਜਾਬੀ ਪਰਦੇ 'ਤੇ ਨਜ਼ਰ ਆਇਆ ਤੇ ਸਿੱਧਾ ਦਰਸ਼ਕਾਂ ਦੇ ਦਿਲਾਂ 'ਚ ਉੱਤਰ ਗਿਆ। 'ਮਿਸਟਰ ਐਂਡ ਮਿਸ਼ਿਜ 420' ਵਿਚਲੇ ਲਾਡੀ ਅਮਲੀ ਦੇ ਕਿਰਦਾਰ ਨੇ ਉਸਨੂੰ ਇੱਕ ਨਵੀਂ ਪਛਾਣ ਦਿੱਤੀ। ਆਪਣੇ ਮੁੱਢਲੇ ਗੀਤਾਂ 'ਜੱਟ ਦੀ ਅਕਲ' ਅਤੇ ਫ਼ਿਲਮਾਂ 'ਤੂਫ਼ਾਨ ਸਿੰਘ' ਵਿੱਚ ਰਣਜੀਤ ਬਾਵਾ ਇੱਕ ਅਣਖੀ ਯੋਧੇ ਵਾਲੇ ਕਿਰਦਾਰ ਵਿੱਚ



ਉੱਭਰਿਆ ਜਦਕਿ ਬਾਅਦ ਵਿੱਚ ਉਹ ਹਰ ਤਰਾਂ ਦੇ ਕਿਰਦਾਰਾਂ ਵਿੱਚ ਨਜ਼ਰ ਆਉਣ ਲੱਗਾ। ਗੁਰਦਾਸਪੁਰ ਨੇੜਲੇ ਪਿੰਡ ਵਡਾਲਾ ਗ੍ਰੰਥੀਆਂ ਦੇ ਜੰਮਪਲ ਰਣਜੀਤ ਬਾਵਾ ਨੂੰ ਗਾਇਕੀ ਦਾ ਸ਼ੌਂਕ ਬਚਪਨ ਤੋਂ ਹੀ ਸੀ। ਸਕੂਲ-ਕਾਲਜ਼ ਦੀਆਂ ਸਟੇਜ਼ਾਂ ਤੋਂ ਉਪਰ ਉੱਠ ਕੇ ਗਾਇਕੀ ਦੇ ਅੰਬਰਾਂ ਨੂੰ ਛੂੰਹਣ ਵਾਲਾ ਰਣਜੀਤ ਬਾਜਵਾ ਆਪਣੀ ਪਲੇਠੀ ਐਲਬਮ' ਮਿੱਟੀ ਦਾ ਬਾਵਾ' ਦੀ ਕੌਮਾਂਤਰੀ ਪ੍ਰਸਿੱਧੀ ਨਾਲ 'ਬਾਜਵਾ' ਤੋਂ 'ਬਾਵਾ' ਬਣ ਗਿਆ। ਉਸ ਤੋਂ ਬਾਅਦ ਗੀਤ 'ਪੌਣੇ ਅੱਠ' ਅਤੇ 'ਤਨਖਾਹ' ਦੀ ਸਫ਼ਲਤਾ ਨੇ ਰਣਜੀਤ ਬਾਵੇ ਦੀ ਪਹਿਚਾਣ ਹੋਰ ਵੀ ਗੂੜ੍ਹੀ ਹੋ ਗਈ।

ਪਿਛਲੇ ਦਿਨੀਂ ਰਣਜੀਤ ਬਾਵਾ ਜਿੱਥੇ ਅਪਣੀਆਂ ਇੰਨ੍ਹਾਂ ਫ਼ਿਲਮਾਂ ਨਾਲ ਚਰਚਾ ਵਿੱਚ ਰਿਹਾ, ਉੱਥੇ ਆਪਣੇ ਅਨੇਕਾਂ ਗੀਤਾਂ 'ਤਾਰੇ ਵਾਲਿਆਂ ਬਾਬਾ', ਲਾਹੌਰ, ਯਾਰੀ ਚੰਡੀਗੜ੍ਹ ਵਾਲੀਏ, ਕਹਿੰਦੇ ਸ਼ੇਰ ਮਾਰਨਾ' ਮਾਣਕ ਦੀ ਕਲੀ, 'ਵੀਕ ਐਂਡ, ਕੰਗਣਾ, ਫੁਲਕਾਰੀ' ਆਦਿ ਨਾਲ ਵੀ ਸ਼ੋਹਰਤ ਦੇ ਸਿਖਰਲੇ ਡੰਡੇ 'ਤੇ ਰਿਹਾ। ਇੰਨ੍ਹੀ ਦਿਨੀਂ ਰਣਜੀਤ ਬਾਵਾ ਦੀ ਚਰਚਾ ਉਸਦੀ 22 ਫਰਵਰੀ ਨੂੰ ਆ ਰਹੀ ਫ਼ਿਲਮ 'ਹਾਈਐਂਡ ਯਾਰੀਆਂ' ਕਰਕੇ ਹੈ। ਫ਼ਿਲਮ ਦੇ ਟਰੇਲਰ ਨੂੰ ਵੇਖਦਿਆਂ ਰਣਜੀਤ ਬਾਵਾ ਦਾ ਕਿਰਦਾਰ ਦਰਸ਼ਕਾਂ ਦੀ ਪਸੰਦ 'ਤੇ ਖਰਾ ਉੱਤਰਿਆ ਹੈ। ਆਪਣੀ ਇਸ ਫਿਲਮ ਬਾਰੇ ਰਣਜੀਤ ਬਾਵਾ ਨੇ ਦੱਸਿਆ ਕਿ ਪਟਾਰਾ ਟਾਕੀਜ਼ ਪ੍ਰਾਈਵੇਟ ਲਿਮਟਿਡ, ਪੰਕਜ ਬੱਤਰਾ ਫ਼ਿਲਮਜ਼ ਅਤੇ ਸਪੀਡ ਰਿਕਾਰਡਜ਼ ਦੇ ਬੈਨਰ ਹੇਠ ਬਣੀ ਇਸ ਫ਼ਿਲਮ ਦਾ ਨਿਰਮਾਣ ਸੰਦੀਪ ਬਾਂਸਲ, ਪੰਕਜ ਬੱਤਰਾ,ਦਿਨੇਸ਼ ਔਲਖ ਅਤੇ ਰੂਬੀ ਕੋਹਲੀ ਨੇ ਕੀਤਾ ਹੈ। ਇਹ ਵਿਦੇਸ਼ ਰਹਿੰਦੇ ਤਿੰਨ ਦੋਸਤਾਂ ਦੀ ਕਹਾਣੀ ਹੈ ਜੋ ਇੱਕ ਦੂਜੇ 'ਤੇ ਜਾਨ ਵਾਰਦੇ ਹਨ ਤੇ ਦੁੱਖ ਸੁੱਖ ਵਿੱਚ ਮੋਢੇ ਨਾਲ ਮੋਢਾ ਲਾ ਕੇ ਖੜ੍ਹਦੇ ਹਨ। ਰਣਜੀਤ ਬਾਵਾ ਨੇ ਦੱਸਿਆ ਕਿ ਉਸਦਾ ਕਿਰਦਾਰ ਮਾਲਵੇ ਦੇ ਪਿੰਡਾਂ ਵਾਲੇ ਸਾਫ ਦਿਲ ਦੇਸੀ ਮੁੰਡੇ ਦਾ ਹੈ। ਦਰਸ਼ਕਾਂ ਨੂੰ ਉਸਦਾ ਇਹ ਫ਼ਿਲਮੀ ਕਿਰਦਾਰ ਵੀ ਜਰੂਰ ਪਸੰਦ ਆਵੇਗਾ। ਪੰਕਜ ਬੱਤਰਾ ਵਲੋਂ ਨਿਰਦੇਸ਼ਿਤ ਕੀਤੀ ਇਸ ਫ਼ਿਲਮ ਦੀ ਕਹਾਣੀ ਗੁਰਜੀਤ ਸਿੰਘ ਨੇ ਲਿਖੀ ਹੈ ਜੱਸੀ ਗਿੱਲ, ਰਣਜੀਤ ਬਾਵਾ, ਨਿੰਜਾ, ਗੁਰਨਾਮ ਭੁੱਲਰ, ਨਵਨੀਤ ਕੌਰ ਢਿੱਲੋਂ, ਆਰੂਸ਼ੀ ਸ਼ਰਮਾ, ਮੁਸ਼ਕਾਨ ਸੇਠੀ, ਨੀਤ ਕੌਰ, ਹੌਬੀ ਧਾਲੀਵਾਲ ਆਦਿ ਕਲਾਕਾਰਾਂ ਨੇ ਫ਼ਿਲਮ ਵਿੱਚ ਅਹਿਮ ਕਿਰਦਾਰ ਨਿਭਾਏ ਹਨ। ਰਣਜੀਤ ਬਾਵਾ ਨੇ ਦੱਸਿਆ ਕਿ ਉਸਨੂੰ ਖੁਸ਼ੀ ਹੈ ਕਿ ਉਸਨੂੰ ਹਮੇਸ਼ਾ ਹੀ ਤਜ਼ੱਰਬੇਕਾਰ ਟੀਮ ਨਾਲ ਕੰਮ ਕਰਨ ਦਾ ਮੌਕਾ ਮਿਲਿਆ ਹੈ। ਗਾਇਕੀ ਤੇ ਫ਼ਿਲਮਾਂ ਦਾ ਸਫ਼ਰ ਉਹ ਨਿਰੰਤਰ ਜਾਰੀ ਰੱਖੇਗਾ ਤੇ ਭਵਿੱਖ ਵਿੱਚ ਚੰਗੀਆਂ ਮਨੋਰੰਜਨ ਭਰਪੂਰ ਫ਼ਿਲਮਾਂ ਦਿੰਦਾ ਰਹੇਗਾ।

# ਕਬੱਡੀ ਖੇਡ ਜਗਤ ਦਾ ਸਿਰਤਾਜ 'ਅੰਤਰਰਾਸ਼ਟਰੀ ਦਿੜ੍ਹਬਾ ਕਬੱਡੀ ਕੱਪ'

ਸੰਗਰੂਰ ਜ਼ਿਲ੍ਹੇ ਦੇ ਸ਼ਹਿਰ ਦਿੜ੍ਹਬਾ ਮੰਡੀ ਵਿਖੇ ਸੋਸ਼ਲ ਯੂਥ ਸਪੋਰਟਸ ਕਲੱਬ ਅਤੇ ਨਗਰ ਪੰਚਾਇਤ ਵੱਲੋਂ ਚੇਅਰਮੈਨ ਕਰਨ ਘੁਮਾਣ ਕਨੈਡਾ (ਮੈਂਬਰ ਐਨ.ਆਰ.ਆਈ. ਕਮਿਸ਼ਨ ਪੰਜਾਬ) ਅਤੇ ਪ੍ਰਧਾਨ ਗੁਰਮੇਲ ਸਿੰਘ ਹੁਰਾਂ ਦੀ ਦੇਖ-ਰੇਖ ਹੇਠ ਕਰਵਾਇਆ ਜਾਂਦਾ ਸ਼ਹੀਦ ਬਚਨ ਸਿੰਘ ਯਾਦਗਾਰੀ ਅੰਤਰ-ਰਾਸ਼ਟਰੀ ਕਬੱਡੀ ਕੱਪ ਅੱਜ ਕਬੱਡੀ ਖੇਡ ਜਗਤ 'ਚ ਇਕ ਵੱਡਾ ਨਾਂਅ ਵਜੋਂ ਜਾਣੀਆਂ ਜਾਂਦਾ ਹੈ। ਇਹ ਕਬੱਡੀ ਕੱਪ ਕਰਨ ਘੁਮਾਣ ਕਨੈਡਾ ਅਤੇ ਉਹਨਾਂ ਦੀ ਟੀਮ ਦੀ ਮਿਹਨਤ ਸਦਕਾ ਕਈ ਪੱਖੋਂ ਜਿਵੇਂ ਕਿ ਦਰਸ਼ਕਾਂ ਦੇ ਵੱਡੇ ਇਕੱਠ ਤੇ ਅੰਤਰ-ਰਾਸ਼ਟਰੀ ਟੀਮਾਂ ਅਤੇ ਉੱਚ ਕੋਟੀ ਦੇ ਗਾਇਕਾਂ ਦੀ ਸ਼ਮੂਲੀਅਤ ਪੱਖੋਂ ਕਬੱਡੀ ਜਗਤ 'ਚ ਪਹਿਲੇ ਸਥਾਨ 'ਤੇ ਹੈ। ਇਸ ਸਾਲ ਦਾ ਇਹ 46ਵਾਂ ਦੋ ਰੋਜ਼ਾ ਕਬੱਡੀ ਕੱਪ 15 ਅਤੇ 16 ਫਰਵਰੀ ਨੂੰ ਦਿੜ੍ਹਬਾ ਮੰਡੀ ਖੇਡ ਸਟੈਡੀਅਮ ਵਿਖੇ ਕਰਵਾਇਆ ਜਾ ਰਿਹਾ ਹੈ ਜਿਥੇ ਨਾਰਥ ਇੰਡੀਆ ਕਬੱਡੀ ਫੈਡਰੇਸ਼ਨ ਦੀਆਂ ਅੱਠ ਚੋਟੀ ਦੀਆਂ ਟੀਮਾਂ ਦੇ ਸ਼ਹੀਦ ਬਚਨ ਸਿੰਘ ਕੱਪ ਜਿੱਤਣ ਲਈ ਫਸਵੇਂ ਮੁਕਾਬਲੇ ਹੋਣਗੇ। ਇਸ ਦੌਰਾਨ ਕੱਪ ਜਿੱਤਣ ਵਾਲੀ ਟੀਮ ਨੂੰ ਡੇਢ ਲੱਖ ਅਤੇ ਉਪ ਜੇਤੂ ਨੂੰ ਇੱਕ ਲੱਖ ਦੇ ਨਗਦ ਇਨਾਮ ਨਾਲ ਸਨਮਾਨਿਤ ਕੀਤਾ ਜਾਵੇਗਾ ਅਤੇ ਸਰਵੋਤਮ ਜਾਫੀ ਅਤੇ ਧਾਵੀ ਮਰਦ ਵਰਗ ਨੂੰ ਬੁਲਟ ਮੋਟਰਸਾਇਕਲ ਅਤੇ ਔਰਤ ਵਰਗ ਨੂੰ ਸਕੂਟਰੀਆਂ ਦੇ ਕੇ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ। ਇਸ ਮੌਕੇ ਮੁੱਖ ਮਹਿਮਾਨ ਵਜੋਂ ਪੰਜਾਬ ਦੇ ਸਾਬਕਾ ਉੱਪ ਮੁੱਖ



ਮੰਤਰੀ ਸ: ਸੁਖਬੀਰ ਸਿੰਘ ਬਾਦਲ ਅਤੇ ਵਿਸ਼ੇਸ਼ ਮਹਿਮਾਨ ਵਜੋਂ ਸੁਖਦੇਵ ਸਿੰਘ ਢੀਂਡਸਾ ਅਤੇ ਪਰਮਿੰਦਰ ਸਿੰਘ ਢੀਂਡਸਾ ਸ਼ਮੂ-ਲੀਅਤ ਕਰਨਗੇ। ਇਸ ਮੌਕੇ ਦਰਸ਼ਕਾਂ ਦੇ ਮੰਨੋਰੰਜਨ ਲਈ ਪੰਜਾਬੀ ਸੰਗੀਤ ਪ੍ਰੇਮੀਆਂ ਦੇ ਦਿਲਾਂ ਦੀ ਧੜਕਣ ਮਸ਼ਹੂਰ ਗਾਇਕ ਬੱਬੂ ਮਾਨ ਆਪਣੀ ਗਾਇਕੀ ਦੇ ਜੌਹਰ ਦਿਖਾਉਣਗੇ। ਇਸ ਸਾਲ ਕਰਵਾਏ ਜਾ ਰਹੇ ਕਬੱਡੀ ਕੱਪ ਦੀ ਵੱਡੀ ਸਫਲਤਾ ਲਈ ਐਨ.ਆਰ.ਆਈ ਧੁੱਗਾ ਬਰਦਰਜ਼, ਸੁੱਖਾ ਵਾਸੀ, ਗੁਰਦੇਵ ਮੌੜ, ਨਵਦੀਪ ਨੋਨੀ, ਸਰਪੰਚ ਤਾਰੀ ਮਾਨ ਬਘਰੋਲ, ਸੁਖਵਿੰਦਰ ਭਿੰਦਾ, ਚਮਕੌਰ ਯੂ.ਕੇ, ਹਰਜਿੰਦਰ ਬਲੌਂਗੀ, ਕਸ਼ਮੀਰ ਸਿੰਘ ਰੋੜੇਵਾਲ, ਹਰਦੀਪ ਸ਼ਰਮਾ, ਜਸਪਾਲ ਪਾਲਾ, ਰਾਮ ਜਨਾਲ, ਗੁਰਬਚਨ ਲਾਲ, ਹਰਦੀਪ ਸ਼ਰਮਾ, ਪੰਕਜ ਬਾਂਸਲ, ਬਿੱਟੂ ਮੂਣਕ, ਸੰਜੇ ਬਾਂਸਲ, ਡਿੰਪਲ ਦੁਗਾਲ, ਭੀਮ ਠੇਕੇਦਾਰ, ਰਾਮ ਮਾਨ, ਨਿੱਕਾ ਘੁਮਾਣ, ਪੱਪੂ ਪੰਡਤ, ਬਲਕਾਰ ਘੁਮਾਣ, ਬਲਕਾਰ ਸਿੰਘ ਘੁਮਾਣ, ਗੁਰਦੇਵ ਸਿੰਘ ਮੌੜ, ਰਾਜ ਕੁਮਾਰ ਗਰਗ, ਡਿੰਪਲ ਦੁਗਾਲ, ਰਿੰਕਾ ਢੰਡੋਲੀ, ਬਲਜੀਤ ਗੋਰਾ, ਅੰਮ੍ਰਿਤ ਸਿੱਧੂ, ਤੇਜਾ ਕਮਾਲਪੁਰ, ਸੁਖਜਿੰਦਰ ਸਿੰਘ ਸਿੰਦੜਾ, ਹਰਦੀਪ ਸਰਪੰਚ ਸਿੰਦੜਾ, ਹਰਦੇਵ ਸਿੰਘ ਗੁਜਰਾਂ, ਨਿਰਮਲ ਸਿੰਘ ਹਰਿਆਓ, ਸੁਖਵਿੰਦਰ ਸਿੰਘ ਭਿੰਦਾ, ਜਗਪਾਲ ਸਿੰਘ ਚੱਠਾ ਅਤੇ ਭੁਪਿੰਦਰ ਘੁਮਾਣ ਆਦਿ ਆਪਣੀਆਂ ਵੱਡੀਆਂ ਸੇਵਾਵਾਂ ਦੇ ਰਹੇ ਹਨ।



ਹਰਜਿੰਦਰ ਸਿੰਘ ਜਵੰਦਾ
91-94638-28000

ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ ॥
ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥1॥



# ਸਤਿਗੁਰੂ ਰਵਿਦਾਸ ਜੀ ਦੇ 642ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ



ਮੱਖਣ ਸਿੰਘ ਬੈਂਸ

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 642ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਪਿਟਸਬਰਗ ਵਿਖੇ 24 ਫਰਵਰੀ 2019 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ 22 ਫਰਵਰੀ 2019 (ਦਿਨ ਸ਼ੁੱਕਰਵਾਰ) ਨੂੰ ਪ੍ਰਾਰੰਭ ਹੋਣਗੇ ਅਤੇ 24 ਫਰਵਰੀ 2019 (ਦਿਨ ਐਤਵਾਰ) ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਕੀਰਤਨ ਦੀਵਾਨ ਦੁਪਹਿਰ 2:30 ਵਜੇ ਤੱਕ ਹੋਣਗੇ ਅਤੇ ਵਿਦਵਾਨ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।



ਗਿਆਨੀ ਰਵਿੰਦਰ ਸਿੰਘ


Raja™ SWEETS & CATERING®

AUTHORIZED CATERER FOR MAJOR 5-STAR HOTELS

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Toll Free 1-866-FOR-RAJA
www.rajasweets.com
msbains@rajasweets.com
Follow us on:

Fresh Sweets, Snacks & Food
Catering for All occasions up to 10000 guests
Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja™ Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions/ Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders



ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।




Call Makhan Bains or Ravinder Singh for your next Party 1-866-FOR RAJA www.RajaSweets.com



ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮ ਤੁਮ੍ਹਾਰੇ ਲੇਖੇ ॥
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨ ਦੇਖੇ ॥

# ਸਤਿਗੁਰੂ ਰਵਿਦਾਸ ਜੀ ਦੇ 642ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 642ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਪਿਟਸਬਰਗ ਵਿਖੇ 24 ਫਰਵਰੀ 2019 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ 22 ਫਰਵਰੀ 2019 (ਦਿਨ ਸ਼ੁੱਕਰਵਾਰ) ਨੂੰ ਪ੍ਰਾਰੰਭ ਹੋਣਗੇ ਅਤੇ 24 ਫਰਵਰੀ 2019 (ਦਿਨ ਐਤਵਾਰ) ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਕੀਰਤਨ ਦੀਵਾਨ ਦੁਪਹਿਰ 2:30 ਵਜੇ ਤੱਕ ਹੋਣਗੇ ਅਤੇ ਵਿਦਵਾਨ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।

**Gurnam Singh Rattu & Family**



Gurnam Singh Rattu with his wife




# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust



ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ।।
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ।।

# ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰਨੀਆ)

ਗੁਰੂ ਪਿਆਰੀ ਸਾਧ ਸੰਗਤ ਜੀ

ਜਿਵੇਂ ਕਿ ਆਪ ਜੀ ਜਾਣਦੇ ਹੀ ਹੋ ਕਿ ਫਰਵਰੀ, ਮਾਰਚ ਮਹੀਨੇ ਸਤਿਗੁਰੂ ਰਵਿਦਾਸ ਜੀ ਦਾ ਗੁਰਪੁਰਬ ਦਿਹਾੜਾ ਹੈ ਪਰ ਸ੍ਰੀ ਗੁਰੂ ਰਵਿਦਾਸ ਸਭਾ (ਸੈਂਟਰਲ ਵੈਲੀ) ਫਰਿਜ਼ਨੋ (ਕੈਲੇਫੋਰਨੀਆ) ਆਪ ਸਭ ਦੇ ਸਹਿਯੋਗ ਨਾਲ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦਾ 642ਵਾਂ ਗੁਰਪੁਰਬ ਦਿਹਾੜਾ 3 ਮਾਰਚ 2019 ਦਿਨ ਐਤਵਾਰ ਨੂੰ ਸ਼ਰਧਾ ਪੂਰਵਕ ਮਨਾ ਰਹੀ ਹੈ।

## ਪ੍ਰੋਗਰਾਮਾਂ ਦਾ ਵੇਰਵਾ

* 1 ਮਾਰਚ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਪ੍ਰਾਰੰਭ ਹੋਣਗੇ
* 2 ਮਾਰਚ ਦਿਨ ਸ਼ਨਿਚਰਵਾਰ ਨੂੰ ਨਿਸ਼ਾਨ ਸਾਹਿਬ ਦੀ ਸੇਵਾ ਸ਼ਾਮ 5 ਵਜੇ ਹੋਵੇਗੀ
  ਇਸ ਉਪਰੰਤ ਸ਼ਾਮ 6 ਵਜੇ ਤੋਂ ਲੈ ਕੇ 8 ਵਜੇ ਤੱਕ ਦੀਵਾਨ ਸਜਣਗੇ।
* 3 ਮਾਰਚ ਦਿਨ ਐਤਵਾਰ ਨੂੰ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ
* ਉਸ ਉਪਰੰਤ ਬਾਅਦ ਦੁਪਹਿਰ 3 ਵਜੇ ਤੱਕ ਦੀਵਾਨ ਸਜਣਗੇ, ਜਿਸ ਦੌਰਾਨ ਰਾਗੀ ਜਥੇ ਸ਼ਬਦ ਗਾਇਨ ਕਰਨਗੇ ਅਤੇ ਬੁਲਾਰੇ ਗੁਰੂ ਜੀ ਪ੍ਰਤੀ ਆਪੋ ਆਪਣੇ ਵਿਚਾਰ ਰੱਖਣਗੇ।
* ਗੁਰੂ ਘਰ ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਤਿੰਨੇ ਦਿਨ ਗੁਰੂ ਘਰ ਹਾਜਰੀਆਂ ਲਗਾ ਕੇ ਸਤਿਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

**ਹੋਰ ਜਾਣਕਾਰੀ ਲਈ ਸੰਪਰਕ ਕਰੋ: ਗੁਰੂ ਘਰ 559-486-3091**

**ਸ੍ਰੀ ਗੁਰੂ ਰਵਿਦਾਸ ਸਭਾ (ਸੈਂਟਰਲ ਵੈਲੀ) ਫਰਿਜ਼ਨੋ (ਕੈਲੇਫੋਰਨੀਆ)**

**5025 S. CHERY AVE., FRESNO (CALIFORNIA) 93706**

ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ ॥
ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥1॥



# ਧੰਨ ਧੰਨ ਸਤਿਗੁਰੂ ਰਵਿਦਾਸ ਜੀ ਦੇ 642ਵੇਂ ਪ੍ਰਕਾਸ਼ ਦਿਹਾੜੇ ਦੀ ਆਪ ਸਭ ਨੂੰ ਲੱਖ-ਲੱਖ ਵਧਾਈ ਹੋਵੇ ਜੀ





ਵੱਲੋਂ

## ਪਾਲ ਪਰਿਵਾਰ

www.palfilms.com

ਐਂਟੀਓਕ, ਕੈਲੇਫੋਰਨੀਆ

925-787-7873

## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

### ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

## ਪੁਰਾਣੇ ਟਾਇਰਾਂ ਦੀ ਸੇਲ

### ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

## NEW & USED TIRES

WASH, LUBE, BRAKES

Call:
650-642-0697

## 3525 Highway 99, West Corning, CA 96021

Across the Street from TA Truck Stop

# THINKING OF BUYING OR SELLING COMMERCIAL PROPERTIES IN CALIFORNIA? CALL US NOW !



BERKSHIRE HATHAWAY
HomeServices
Elite Real Estate
COMMERCIAL DIVISION



**JOHN BANGA**
Realtor *CalDRE# 01397975*
916-271-5404 banga.realtor@gmail.com

**MAJINDER SINGH**
Realtor *CalDRE# 01473247*
(916) 271-0644 singh@elitenorcal.com

## SPECIALISE IN BANK REPO APARTMENTS, COMMERCIAL PROPERTIES, GAS STATIONS, HOTELS AND AGRICULTURAL LAND




"$134,000 Indian Restaurant with beer and wine license"




"$599,900 High volume liquor store", "Gross $100k+/Month"




"$649,000 High Volume Liquor Store", "Gross $90k+/Month"




"$4.4 Million Gas Station with Real Estate", "High Volume"

**CALL US FOR FREE CONSULTATION ABOUT SELLING YOUR GAS STATION OR HOTEL.
WE CAN ALSO GIVE YOU OUR EXPERT ADVISE
ON VALUE OF YOUR GAS STATION OR ANY COMMERCIAL PROPERTY.**

SPEAK WITH A PROFESSIONAL REALTOR TODAY!

WE HAVE QUALIFIED BUYERS FOR GAS STATIONS AND LIQUOR STORES.

**THE RIGHT AGENT HELPS GUIDE YOU TO YOUR DREAM PROPERTY.**
**WWW.BHHCOMMERCIAL.COM**

Chevron SHELL ARCO ampm Mobil Holiday Inn Best Western

## 7412 ELSIE AVE, SACRAMENTO CA 95828

ਸੋਹੰ

ਹਰਿ

# SHRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355

## ਸ੍ਰੀ ਗੁਰੂ ਰਵਿਦਾਸ ਜੀ ਦਾ 642ਵਾਂ ਪ੍ਰਗਟ ਦਿਹਾੜਾ

## 22, 23, 24 ਫਰਵਰੀ 2019 ਨੂੰ






ਹਮ ਸਰਿ ਦੀਨੁ ਦਇਆ ਲੁਨ ਤੁਮਸਰਿ ਅਬਪਤੀਆ ਰੁਕਿਆ ਕੀਜੈ॥
ਬਚਨੀ ਤੋਰ ਮੋਰ ਮਨੁਮਾਨੈ ਜਨਕ ਉਪੂਰਨੁ ਦੀਜੈ॥1॥
ਹਉ ਬਲਿ ਬਲਿ ਜਾਉ ਰਮਈਆ ਕਾਰਨੇ॥
ਕਾਰਨ ਕਵਨ ਅਬੋਲ॥1॥ ਰਹਾਉ॥
ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮ ਤੁਮ੍ਹਾਰੇ ਲੇਖੇ॥
ਕਹਿ ਰਵਿਦਾਸ ਆਸਲਗਿ ਜੀਵਉ ਚਿਰ ਭਇਓ ਦਰਸਨ ਦੇਖੇ॥

***Sri Guru Ravidass Sabha, Pittsburg, CA is celebrating the 642ndParkash Utsav of SATGURU RAVIDASS JI on Sunday, February 24, 2019. Entire Sangat is cordially invited to participate in this celebration with family and friends and receive the benign blessings of Guru Ravidass Ji.***

***ARAMBH SHRI AKHAND PATH February 22, 2019 (FRIDAY) 9:30 AM***

***BHOG SHRI AKHAND PATH February 24, 2019 (SUNDAY) 9:30 AM***

***KIRTAN DIWAN After Bhog Ceremony until 2:00 PM***

***Nishan Sahib Hoisting Ceremony will be held on February 23rd 2019 (Saturday) at 11:00 AM.***

*Sri Guru Ravidass Ji was born in 1377, in Kanshi (Banaras), Uttar Pradesh in India, in a humble family of Baba Santokh Dass Ji and Mata Kalsa Devi Ji. Satguru Ravidass Ji was a great religious and social reformer. Guru Ji dedicated his whole life for the welfare of the humanity. Guru Ji preached social harmony and stood against caste based discrimination. Satguru Ravidass Ji preached equality among all human beings. GURU RAVIDASS JI's Sermons / Baniis part of Holy SHRI GURU GRANTH SAHIB JI.*

*Sangat will perform Langar and Path Sewa during the Gurpurab celebrations. Prominent Jatha of BhaiHarcharan Singh Khalsa(Hazoori Ragi Sri Darbar Sahib Amritsar), Bhai Suveg Singh, Giani Gurnam Singh & Giani Ompal Singh and famous singer Amrita Virk will enhance this Kirtan Diwan along with distinguished speakers and community leaders well versed with life and teachings of Satguru Ravidass Ji.*

*The Gurughar Committee requests the community for volunteers to help the event committee to prepare and serve Langar, keep Gurughar clean and organized, directing traffic/parking besides other Sewas.*

*"Gurughar Domes Construction" project is underway. This is a huge project, which needs the financial support of the entire Sangat; Sangat is humbly requested to donate whole heartedly for the Construction Project.*

***FOR STALLS, LANGAR OR ANY OTHER SEWA, CONTACT:***

***Chairman Ramesh Suman at (925)366-3618***
***President Kashmiri Bhatia at (408)460-0262 or***
***General Secretary Dilbag Singh at (209)834-4641***
***Treasurer NarinderChahal at (209)627-7974***



*Famous Punjabi Singer Amrita Virk will adorn the occasion with Shabad Kirtan on Sunday, February 24, 2019*

| Sangat Sewadars | Chairman<br>Ramesh Suman<br>925-366-3618 | President<br>Kashmiri Bhatia<br>408-460-0262 | General Secretary<br>Dilbag Singh<br>209-834-4641 | Treasurer<br>Narinder Chahal<br>209- 627-7974 |
|---|---|---|---|---|